੧ੴ ਸਤਿਗੁਰ ਪ੍ਰਸਾਦਿ

★★★

ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਸਰਬ ਹਿੰਦ ਅਖੰਡ ਕੀਰਤਨੀ ਜਥੇ ਦਾ

## ਗੁਰਮਤਿ ਪ੍ਰਚਾਰਕ ਮਾਸਕ ਪੱਤਰ

# ਸੂਰਾ

ਜਿਲਦ ੫]                [ਅੰਕ ੩

ਆਸਾ ਮਹਲਾ ੪ ਘਰ ੫

ਚੜਿ ਚੇਤੁ ਬਸੰਤੁ ਮੇਰੇ ਪਿਆਰੇ, ਭਲੀਅ ਰੁਤੇ ॥
ਪਿਰ ਬਾਝੜਿਅਹੁ ਮੇਰੇ ਪਿਆਰੇ, ਆਂਗਣਿ ਧੂੜਿ ਲੁਤੇ ॥
ਮਨਿ ਆਸ ਉਡੀਣੀ ਮੇਰੇ ਪਿਆਰੇ, ਦੁਇ ਨੈਨ ਜੁਤੇ ॥
ਗੁਰੁ ਨਾਨਕ ਦੇਖਿ ਵਿਗਸੀ ਮੇਰੇ ਪਿਆਰੇ, ਜਿਉ ਮਾਤ ਸੁਤੇ ॥ ॥੪॥

(ਮਾਰਚ ੧੯੭੧)

ਦਲਜੀਤ ਸਿੰਘ ਐਡੀਟਰ, ਤੇ ਪਬਲਿਸ਼ਰ ਨੇ ਫ਼ਰੀ ਇੰਡੀਆ ਪ੍ਰਿੰਟਰਜ਼, ਖਿੰਗਰਾਂ ਗੇਟ, ..ੰਧਰ ਤੋਂ ਛਪਵਾ ਕੇ ਸਰਬ ਹਿੰਦ ਅਖੰਡ ਕੀਰਰਨੀ ਜਥੇ ਲਈ 305-L ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

www.AKJ.Org

www.AKJ.Org

੧ੴ ਵਾਹਿਗੁਰੂ ਜੀ ਕੀ ਫਤਹਿ ॥

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਸਰਬ-ਹਿੰਦ ਅਖੰਡ-ਕੀਰਤਨੀ ਜਥਿਆਂ ਦੀ ਸਰਪ੍ਰਸਤੀ ਹੇਠ

ਗੁਰਮਤਿ ਪ੍ਰਚਾਰਕ ਮਾਸਕ ਪੱਤਰ—

# ਸੂਰਾ

ਜਿ: ੫] [ਅੰਕ ੨

ਬਸੰਤ ਮਹਲਾ ੩

ਬਨਸਪਤਿ ਮਉਲੀ ਚੜਿਆ ਬਸੰਤੁ ॥
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥
ਤੁਮ ਸਾਚੁ ਧਿਆਵਹੁ ਮੁਗਧ ਮਨਾ ॥
ਤਾਂ ਸੁਖ ਪਾਵਹੁ ਮੇਰੇ ਮਨਾ ।੧।ਰਹਾਉ
ਇਤੁ ਮਨਿ ਮਉਲਿਐ ਭਇਆ ਅਨੰਦ ॥
ਅੰਮ੍ਰਿਤ ਤਲੁ ਪਾਇਆ ਨਾਮੁ ਗੋਬਿੰਦ ॥੨॥
ਏਕੋ ਏਕੁ ਸਭੁ ਆਖਿ ਵਖਾਣੈ ॥
ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥
ਕਹਤ ਨਾਨਕੁ ਹਉਮੈ ਕਹੇ ਨਾ ਕੋਇ ॥
ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥
॥੪॥੨॥੧੪॥

(ਫ਼ਰਵਰੀ ੧੯੭੧)

www.AKJ.Org

## ਸੰਪਾਦਕੀ

ਸਰਬ ਹਿੰਦ ਅਖੰਡ ਕੀਰਤਨੀ ਜਥੇ ਦੀ ੩ ਜਨਵਰੀ ੧੯੭੧ ਨੂੰ ਲੁਧਿਆਣੇ ਵਿਖੇ ਹੋਈ, ਵਰਕਿੰਗ ਕਮੇਟੀ ਦੀ ਇਕੱਤਰਤਾ ਵਿਚ ਫੈਸਲਾ ਹੋਇਆ ਕਿ ਸੂਰੇ ਦੀ ਸੇਵਾ ਦਾਸ ਨੂੰ ਸੌਂਪੀ ਜਾਏ ਤੇ ਸੂਰਾ ਪਰੈਸ ਜਲੰਧਰ ਲਿਆਂਦਾ ਜਾਏ । ਇਸ ਹੁਕਮ ਅਨੁਸਾਰ ੧੨ ਜਨਵਰੀ ਨੂੰ ਪਰੈਸ ਜ਼ਲੰਧਰ ਆ ਗਿਆ ।

ਦਾਸ ਦੀ ਨਾਂਹ ਨੁਕਰ ਦੀ ਕੋਈ ਪੇਸ਼ ਨਾ ਗਈ । ਵਡੀ ਸੇਵਾ ਹੈ । ਕਿਡਾ ਹੀ ਹੰਭਲਾ ਕਿਉਂ ਨਾ ਮਾਰਾਂ, ਇਸ ਤਾਈਂ ਪਹੁੰਚ ਨਹੀਂ ਸਕਦਾ । ਇਕੋ ਹੀ ਆਸਰਾ ਤੇ ਆਸ ਹੈ—ਸਤਿਗੁਰੂ ਦੀ ਓਟ । ਹੇ ਸਚੇ ਪਾਤਸ਼ਾਹ ਜੀਉ,ਜਿਸ ਤਰ੍ਹਾਂ ਗੁੰਗੇ ਤੋਂ ਕਥਾ ਕਰਾਈ ਸੀ ਉਸੇ ਤਰ੍ਹਾਂ ਇਸ ਅਨਜਾਣ ਬੱਚੇ ਤੋਂ ਸਿਰ ਤੇ ਹਥ ਰਖ ਕੇ ਸੇਵਾ ਲਉ ।

ਆਮ ਸ਼ਕਾਇਤ ਹੈ ਕਿ ਸੂਰੇ ਨੂੰ ਹੋਰ ਅਛਾ ਬਣਾਉ । ਇਸਦਾ ਮਿਆਰ ਉਚਾ ਕਰੋ । ਅਸੀਂ ਪੂਰੀ ਕੋਸ਼ਿਸ਼ ਕਰਾਂਗੇ । ਗੁਰਮੁਖਾਂ ਅਗੇ ਬੇਨਤੀ ਹੈ ਕਿ ਇਸ ਪਰਥਾਇ ਆਪਣੇ ਵਿਚਾਰ ਲਿਖ ਭੇਜਣ । ਲਿਖਾਰੀਆਂ ਅਗੇ ਜੋਦੜੀ ਹੈ ਕਿ ਸਾਨੂੰ ਪੂਰਾ ਸਹਿਯੋਗ ਦੇਣ ਤੇ ਆਪਣੇ ਲੇਖ ਭੇਜਦੇ ਰਹਿਣ । ਇਹ ਵੀ ਤਾਂ ਸਿਖ ਧਰਮ ਦੀ ਇਕ ਪ੍ਰਕਾਰ ਦੀ ਸੇਵਾ ਹੈ । ਗੁਰੂ ਸਾਹਿਬਾਂ ਦੀਆਂ ਸਾਖੀਆਂ ਤੇ ਨਾਮ ਰਤੜੇ ਯਾ ਸ਼ਹੀਦ ਸਿੰਘਾਂ ਦੀਆਂ ਜੀਵਨੀਆਂ ਭੀ ਛਾਪੀਆਂ ਜਾਣ ਤਾਂ ਬੜਾ ਲਾਭ ਹੋਏਗਾ ।

ਅਜੇ ਤਕ ਸੂਰਾ ਨਵਾਂ ਹੈ । ਪਾਠਕ ਭੀ ਐਨੇ ਨਹੀਂ ਤੇ ਲਿਖਾਰੀ ਵੀ ਅਜੇ ਘਟ ਹਨ । ਇਸ ਨੂੰ ਪੰਦਰਵਾੜਾ ਕਢ ਕੇ ਇਸ ਦਾ ਮਿਆਰ ਉਚਾ ਰਖਣਾ ਅਜੇ ਨਾਮੁਮਕਿਨ ਹੈ । ਬੇਸ਼ਕ ਮਹੀਨੇ ਮਗਰੋਂ ਛਪੇ ਪਰ ਲੇਖ ਲਾਭਦਾਇਕ, ਦਿਲਚਸਪ ਤੇ ਪੜ੍ਹਨਯੋਗ ਹੋਣ, ਸੋ ਫੈਸਲਾ ਹੋਇਆ ਹੈ ਕਿ ਇਸਨੂੰ ਮਾਹਵਾਰ ਹੀ ਕਢਿਆ ਜਾਏ । ਸੰਗਤਾਂ ਦੇ ਪੰਦਰਵਾੜੇ ਚੰਦਿਆਂ ਦਾ ਹਿਸਾਬ ਅਗਲਿਆਂ ਪਰਚਿਆਂ ਵਿਚ ਪੂਰਾ ਕਰ ਦਿਤਾ ਜਾਏਗਾ ।

ਦਾਸਰਾ—
ਦਲਜੀਤ ਸਿੰਘ



www.AKJ.Org

# ਸ੍ਰੀ ਅਕਾਲ ਜੀ ਸਹਾਇ .

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਮਿਤੀ ੩-੧-੭੧ ਐਤਵਾਰ ਸ਼ਾਮ ਦੇ ਤਿੰਨ ਵਜੇ, ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣੇ ਦੇ ਗੁਰਦਵਾਰਾ ਹਾਲ ਵਿਚ ਹੇਠ ਲਿਖੇ ਸਜਨਾਂ ਦੀ ਇਕੱਤ੍ਰਤਾ ਸੂਰੇ ਵਿਚ ਦਿਤੀ ਗਈ ਸੂਚਨਾ ਅਨੁਸਾਰ ਹੋਈ ।

## ਹਾਜ਼ਰ ਮੈਂਬਰ

੧. ਸ੍ਰੀ ਮਾਨ ਬਾਬੂ ਮਲ ਸਿੰਘ ਜੀ
੨. ਭਾ: ਸਾ: ਬਲਬੀਰ ਸਿੰਘ ਜੀ ਲੁਧਿਆਣਾ
੩. ਭਾ: ਸਾ: ਜੁਗਿੰਦਰ ਸਿੰਘ ਜੀ ਲਵਾੜਾ
੪. ਭਾ: ਸਾ: ਕਰਨਲ ਦਲਜੀਤ ਸਿੰਘ ਜੀ ਜਲੰਧਰ
੫. ਭਾ: ਸਾ: ਮਹਿੰਦਰ ਸਿੰਘ ਜੀ ਪਟਿਆਲਾ
੬. ਭਾ: ਸਾ: ਇੰਦਰ ਸਿੰਘ ਜੀ ਸ਼ਿਮਲਾ
੭. ਭਾ: ਸਾ: ਮੋਹਨ ਸਿੰਘ ਜੀ ਗਾਰਡ ਕਾਨ੍ਹਪੁਰ
੮. ਭਾ: ਸਾ: ਸੇਵਾ ਸਿੰਘ ਜੀ ਐਮ੍ਰਿਤਸਰ
੯. ਭਾ: ਸਾ: ਹਰਚਰਨ ਸਿੰਘ ਜੀ ਚੰਦੀਗੜ੍ਹ
੧੦. ਭਾ: ਸਾ: ਭੁਪਿੰਦਰ ਸਿੰਘ ਜੀ ਚੰਡੀਗੜ੍ਹ
੧੧. ਭਾ: ਸ: ਦਰਸ਼ਨ ਸਿੰਘ ਜੀ ਲੁਧਿਆਣਾ ।

ਹੇਠ ਲਿਖੇ ਮਤੇ ਸ੍ਰੀਮਾਨ ਬਾਬੂ ਮਲ ਸਿੰਘ ਜੀ ਨੇ ਪੇਸ਼ ਕੀਤੇ ਜੋ ਸਰਬ ਸਮਤੀ ਨਾਲ ਪਾਸ ਹੋਏ :—

੧. (ੳ) ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੀਆਂ ਰਚਿਤ ਪੁਸਤਕਾਂ ਜੋ ਸਰਬ ਹਿੰਦ ਅਖੰਡ ਕੀਰਤਨੀ ਜਥੇ ਦੀ ਸਾਂਝੀ ਮਲਕੀਅਤ ਹਨ, ਦੀ ਸੇਵਾ ਭਾ: ਬਲਬੀਰ ਸਿੰਘ ਜੀ ਲੁਧਿਆਣੇ ਵਾਲਿਆਂ ਨੂੰ ਦਿਤੀ ਗਈ । ਇਸ ਕੰਮ ਲਈ ਬਾ: ਮਲ ਸਿੰਘ ਜੀ ਅਤੇ ਸ੍ਰ: ਬਲਬੀਰ ਸਿੰਘ ਜੀ ਪੰਜਾਬੀ ਪ੍ਰੈਸ ਵਾਲਿਆਂ ਨੂੰ ਜਲਦੀ ਮਿਲਣ ।

(ਅ) ਗਿਆਨੀ ਨਾਹਰ ਸਿੰਘ ਜੀ ਤੇ ਗਿਆਨੀ ਹਰਭਜਨ ਸਿੰਘ ਜੀ ਨੂੰ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਦੇ ਪ੍ਰਕਾਸ਼ ਕਰਨ ਦੇ ਉਦਮ ਦੀ ਨਿਰਬਾਣ ਸੇਵਾ ਵਜੋਂ ੧੦੧ ਦਸਤਾਰ ਸਹਿਤ ਸਿਰੋ ਪਾਉ ਦਿਤੇ ਜਾਣ । ਇਸ ਦੇ ਨਾਲ ਦੋਹਾਂ ਨੂੰ ਅਖੰਡ ਕੀਰਤਨੀ ਜਥੇ ਵਲੋਂ ਪ੍ਰਸੰਸਾ ਪੱਤ੍ਰ ਦਿਤੇ ਜਾਣ । (ਪ੍ਰਸੰਸਾ ਪੱਤ੍ਰ ਭਾ: ਜੁਗਿੰਦਰ ਸਿੰਘ ਜੀ



www.AKJ.Org

ਤਲਵਾੜੇ ਵਾਲੇ ਤਿਆਰ ਕਰਨਗੇ)

੨. ਜਿਹੜੀਆਂ ਪੁਸਤਕਾਂ ਘੱਟ ਹਨ ਅਤੇ ਛਪ ਨਹੀਂ ਰਹੀਆਂ ਉਨ੍ਹਾਂ ਦਾ ਜਲਦੀ ਛਪਾਉਣ ਦਾ ਪ੍ਰਬੰਧ ਕੀਤਾ ਜਾਏ ।

੩. ਅੰਗਰੇਜ਼ੀ ਦੀ ਕਿਤਾਬ 'ਜੇਲ ਚਿਠੀਆਂ ਦਾ ਉਲਥਾ' ਛੇਤੀ ਛਪਵਾਈ ਜਾਵੇ । ਭਾਈ ਬਲਬੀਰ ਸਿੰਘ ਜੀ ਡਾ: ਤਰਲੋਚਨ ਸਿੰਘ ਹੋਰਾਂ ਨੂੰ ਮਿਲਣ ਅਤੇ ਭਾਈ ਸੇਵਾ ਸਿੰਘ ਜੀ ਅੰਮ੍ਰਿਤਸਰ ਅਤੇ ਭਾ: ਹਰਬੰਸ ਸਿੰਘ ਜੀ ਦਿੱਲੀ, ਜਿਨ੍ਹਾਂ ਨੂੰ ਇਸ ਕੰਮ ਦੀ ਵਾਕਫੀ ਹੈ, ਦੀ ਮਦਦ ਲਈ ਜਾਵੇ ।

੪. ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ ਸ੍ਰੀ ਅੰਮ੍ਰਿਤਸਰ ਜੀ ਵਿਚ ਹੋਇਆ ਹੋਣ ਕਰਕੇ, ਅਤੇ ਇਸ ਪੁਰਬ ਦੀ ਮਹਾਨਤਾ ਨੂੰ ਮੁਖ ਰਖਦਿਆਂ ਫੈਸਲਾ ਹੋਇਆ ਕਿ ਇਹ ਸਲਾਨਾ ਸਮਾਗਮ ਦੇ ਤੌਰ ਤੇ, ਸ੍ਰੀ ਅੰਮ੍ਰਿਤਸਰ ਜੀ ਵਿਖੇ ਪੂਰੀ ਧੂਮ ਧਾਮ ਨਾਲ ਮਨਾਇਆ ਜਾਵੇ । ਰੈਣ ਸਬਾਈ ਕੀਰਤਨ ਤਰਨਤਾਰਨ ਹੋਵੇ ।

੫ (ੳ) ਅਖੰਡ ਕੀਰਤਨੀ ਜਥੇ ਦਾ ਰਿਸਾਲਾ 'ਸੂਰਾ' ਪਟਿਆਲਾ ਤੋਂ ਪ੍ਰਕਾਸ਼ਤ ਹੁੰਦਾ ਹੈ, ਉਸ ਦੇ ਹਿਸਾਬ ਕਿਤਾਬ ਦੀ ਪੜਤਾਲ ਕਰਨ ਲਈ ਹੇਠ ਲਿਖੀ ਕਮੇਟੀ ਬਣਾਈ ਗਈ ਤਾਂ ਜੁ ਅਗੇ ਤੋਂ ਕੋਈ ਗਲਤ ਫੈਹਮੀ ਨਾ ਰਹੇ ਅਤੇ ਬਕਾਇਦਾ ਤੌਰ ਤੇ ਇਹ ਹਿਸਾਬ ਛਾਪ ਦਿਤਾ ਜਾਇਆ ਕਰੇ ।

(੧.) ਸ੍ਰ: ਸਰਦਾਰ ਸਿੰਘ ਜੀ ਪਟਿਆਲਾ
(੨.) ਸ੍ਰ: ਭੁਪਿੰਦਰ ਸਿੰਘ ਜੀ ਚੰਡੀਗੜ੍ਹ
(੩.) ਕਰਨਲ ਦਲਜੀਤ ਸਿੰਘ ਜੀ ਜਲੰਧਰ
(੪.) ਡਾ: ਦਰਸ਼ਨ ਸਿੰਘ ਜੀ ਲੁਧਿਆਣਾ

(ਅ) 'ਸੂਰਾ' ਪੱਤਰ ਦੀ ਪ੍ਰਕਾਸ਼ਤ ਅਤੇ ਹੋਰ ਬੰਦੋਬਸਤ ਬਾਰੇ ਹੇਠ ਲਿਖੀ ਕਮੇਟੀ ਬਣਾਈ ਗਈ ।

(੧.) ਸ੍ਰੀ ਮਾਨ ਬਾਬੂ ਮਲ ਸਿਘ ਜੀ ਤਰਨਤਾਰਨ
(੨.) ਕਰਨਲ ਦਲਜੀਤ ਸਿੰਘ ਜੀ ਜਲੰਧਰ (ਕਨਵੀਨਰ)
(੩.) ਭਾ: ਜੁਗਿੰਦਰ ਸਿੰਘ ਜੀ ਤਲਵਾੜਾ
(੪.) ਸ੍ਰ: ਹਰਚਰਨ ਸਿੰਘ ਜੀ ਚੰਡੀਗੜ੍ਹ
(੫,) ਸ੍ਰ ਸੇਵਾ ਸਿੰਘ ਜੀ ਅੰਮ੍ਰਿਤਸਰ ਅਤੇ
(੬.) ਡਾ: ਦਰਸ਼ਨ ਸਿੰਘ ਲੁਧਿਆਣਾ

(ੲ) ਇਹ ਫੈਸਲ਼ਾ ਹੋਇਆ ਕਿ ਅਗੇ ਤੋਂ ਸੂਰਾ ਪਰਚਾ ਤੇ ਸ਼ੂਰਾ



www.AKJ.Org

ਪਰੈਸ ਦੀ ਸੇਵਾ ਸੰਭਾਲ ਕਰਨਲ ਦਲਜੀਤ ਸਿੰਘ ਜੀ ਜਲੰਧਰ ਵਾਲੇ ਕਰਨਗੇ ਅਤੇ ਸੂਰੇ ਦੀ ਪ੍ਰਕਾਸ਼ਨ ਡੈਕਲਰੇਸ਼ਨ ਭੀ ਉਨ੍ਹਾਂ ਦੇ ਨਾਮ ਹੋਵੇਗੀ। ਸੂਰਾ ਪ੍ਰਿੰਟਿੰਗ ਪ੍ਰੈਸ ਜਲੰਧਰ ਲੈ ਆਂਦਾ ਜਾਵੇ।

(ਸ) ਸੂਰੇ ਵਿਚ ਛਪੇ ਹੋਏ ਅਖਰ 'ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ਛਾਪਿਆ ਗਿਆ' ਦੀ ਬਜਾਇ 'ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ' ਲਿਖੇ ਜਾਇਆ ਕਰਨ।

'ਸੂਰੇ' ਬਾਰੇ ਉਪ੍ਰੋਕਤ ਮਤੇ ਭਾਈ ਪਿਆਰਾ ਸਿੰਘ ਜੀ ਐਡੀਟਰ 'ਸੂਰਾ' ਨੂੰ ਪੜ੍ਹ ਕੇ ਸੁਣਾਏ ਗਏ ਤੇ ਉਨ੍ਹਾਂ ਦੀ ਪ੍ਰਵਾਣਗੀ ਲਈ ਗਈ।

(੬) ਰੈਣ ਸਬਾਈ ਸਮਾਗਮਾਂ ਦਾ ਰਿਵਾਜ ਵਧ ਜਾਣ ਕਾਰਨ ਕਈ ਵੇਰਾਂ ਇਸ ਤਰ੍ਹਾਂ ਵੇਖਣ ਵਿਚ ਆਇਆ ਹੈ ਕਿ ਨਾ ਉਥੇ ਪੂਰਾ ਪ੍ਰਬੰਧ ਹੁੰਦਾ ਹੈ, ਨਾ ਹੀ ਉਥੇ ਪੂਰੇ ਟਾਈਮ ਵਾਸਤੇ, ਕੀਰਤਨੀਏ ਹੁੰਦੇ ਹਨ। ਸ੍ਰੋਤੇ ਭੀ ਸੌਂ ਜਾਂਦੇ ਹਨ ਇਸ ਨਾਲ ਗੁਰਬਾਣੀ ਤੇ ਕੀਰਤਨ ਦਾ ਪੂਰਾ ਸਤਿਕਾਰ ਨਹੀਂ ਰਹਿੰਦਾ। ਐਸੇ ਸਮਾਗਮ ਪੂਰੀ ਵਿਚਾਰ ਮਗਰੋਂ ਰਖਣੇ ਚਾਹੀਦੇ ਹਨ।

(੭.) ਕੀਰਤਨਹਾਰਿਆਂ ਦੀ ਪੋਸ਼ਾਕ ਸਾਦਾ ਹੋਣੀ ਚਾਹੀਦੀ ਹੈ। ਖਾਸ ਕਰਕੇ ਬੀਬੀਆਂ ਆਪਣੀਆਂ ਬਾਹਵਾਂ ਤੇ ਗਲਮੇਂ ਕਜ ਕੇ ਕੀਰਤਨ ਵਾਸਤੇ ਆਇਆ ਕਰਨ। ਗਹਣੇ ਆਦ ਤੋਂ ਰਹਿਤ ਹੋਣ। ਕੀਰਤਨ ਵਿਚ ਭੜਕੀਲੇ ਕਪੜੇ ਉਕਾ ਹੀ ਸ਼ੋਭਾ ਨਹੀਂ ਦੇਂਦੇ।

(੮) ਕਾਨ੍ਹਪੁਰ ਦੀ ਸੰਗਤ ਵਲੋਂ ਜ਼ੋਰ ਪਾਉਣ ਤੇ ਫੈਸਲਾ ਹੋਇਆ ਜੁ ਉਹ ਇਕ ਰੈਣਸਬਾਈ ਸਮਾਗਮ ਬਾਕੀ ਜਥਿਆਂ ਨੂੰ ਮੰਗਵਾ ਕੇ ਰਖ ਲਿਆ ਕਰਨ ਇਸ ਦੀ ਤਾਰੀਖ ਦਾ ਫੈਸਲਾ ਉਥੋਂ ਦੀ ਸੰਗਤ ਕਰੇ।

(੯) ਏਹ ਫੈਸਲਾ ਹੋਇਆ ਕਿ ਜਥੇ ਵਿਚ ਪਿਆਰ ਮਿਲਵਰਤਨ ਤੇ ਏਕਤਾ ਰਖੀ ਜਾਏ। ਜੇ ਕੋਈ ਜਥੇ ਵਿਚ ਫੁਟ ਦਾ ਕਾਰਨ ਬਣੇ ਤਾਂ ਉਸ ਨੂੰ ਸੋਧਿਆ ਜਾਏ। ਕਿਸੇ ਦੀ ਨਜਾਇਜ਼ ਨਿੰਦਾ ਤੇ ਨੁਕਤਾ ਚੀਨੀ ਨਾ ਕੀਤੀ ਜਾਵੇ।

ਦਾਸ ਮਲ ਸਿੰਘ



www.AKJ.Org

# ਹੋਲੇ ਮਹੱਲੇ ਦਾ ਸਮਾਗਮ

## ਕਲਗੀਆਂ ਵਾਲੇ ਦੀ ਪਿਆਰੀ ਅਨੰਦਪੁਰੀ ਵਿਖੇ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥

ਚੰਡੀਗੜ੍ਹ, ਜਲੰਧਰ, ਪਟਿਆਲਾ, ਦਿਲੀ, ਸ੍ਰੀ ਅੰਮ੍ਰਿਤਸਰ ਸਾਹਿਬ, ਤਲਵਾੜਾ, ਨੰਗਲ, ਅੰਬਾਲਾ, ਆਦਿ ਅਖੰਡ ਕੀਰਤਨੀ ਜਥਿਆਂ ਵਲੋਂ ੧੦ ਤੋਂ ੧੪ ਮਾਰਚ, ੧੯੭੧ ਤਕ ਹੋਲੇ ਮਹੱਲੇ ਦਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਮਨਾਇਆ ਜਾਵੇਗਾ। ਇਹ ਆਨੰਦ ਮਈ ਨਗਰੀ ਨੌਵੇਂ ਅਤੇ ਦਸਵੇਂ ਨਾਨਕ ਜੀ ਨੇ ਵਸਾਈ, ਚਾਰ ਸਹਿਬਜ਼ਾਦਿਆਂ ਅਤੇ ਖਾਲਸੇ ਦੀ ਇਹ ਜਨਮ ਭੂਮੀ, ਪੰਜ ਪਿਆਰਿਆਂ ਦੀ ਪ੍ਰੀਖਿਆ ਥਾਂ, ਭਾ: ਨੰਦ ਲਾਲ ਜੀ ਦਾ ਮੱਕਾ ਸ਼ਰੀਫ, ਭਾ: ਘਨੱਯਾ ਜੀ ਦਾ ਸੇਵਾ ਖੇਤਰ, ਭਾ: ਬਚਿਤਰ ਸਿੰਘ ਜੀ, ਭਾ: ਉਧੋ ਜੀ ਆਦਿ ਅਣ-ਗਿਣਤ ਸੂਰਮਿਆਂ ਦੀ ਪਿਆਰੀ ਰਣਭੂਮੀ ਅਨੇਕਾਂ ਸ਼ਹੀਦਾ ਦੇ ਖੂਨ ਨਾਲ ਸਿੰਜੀ ਹੋਈ ਧਰਤੀ, ਭਾ: ਗੁਰਬਖਸ਼ ਸਿੰਘ ਜੀ ਆਦਿ ਬ੍ਰਹਮ ਗਿਆਨੀਆਂ ਦਾ ਇਹ ਸੱਚ ਖੰਡ, ਸੱਚੇ ਪਾਤਸ਼ਾਹ ਜੀ ਦੇ ਨਿਜੀ ਸ਼ਸਤਰਾਂ ਅਤੇ ਗੁਰਧਾਮਾਂ ਦੇ ਏਥੇ ਦੀਦਾਰੇ ਕਰਨ ਲਈ ਇਸ ਧਰਤੀ ਦੀ ਜ਼ਰੂਰ ਯਾਤਰਾ ਕਰੋ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

## ਕੀਰਤਨ ਦਾ ਪ੍ਰੋਗਰਾਮ

| ਮਿਤੀ ਅਤੇ ਦਿਨ | ਸਮਾਂ | ਪਰੋਗਰਾਮ ਦਾ ਵੇਰਵਾ | ਅਸਥਾਨ |
| --- | --- | --- | --- |
| ੧੦-੩-੭੧ (ਬੁਧਵਾਰ) | ੫-੦੦ ਤੋਂ ੯-੦੦ ਸਵੇਰੇ | ਕੀਰਤਨ ਸ੍ਰੀ ਆਸਾਦੀ ਵਾਰ ਉਪ੍ਰੰਤ ਸ੍ਰੀ ਆਖੰਡ ਪਾਠ ਸਾਹਿਬ ਅਰੰਭ | ਸ੍ਰੀਗੁਰੂ ਤੇਗਬਹਾਦਰ ਖਾਲਸਾ ਕਾਲਜ, |
| ੧੦-੩-੭੧ (ਬੁਧਵਾਰ) | ੬-੩੦ ਤੋਂ ੯-੦੦ ਸ਼ਾਮ | ਆਖੰਡ ਕੀਰਤਨ | ਕਿਲਾ ਸ੍ਰੀ ਅਨੰਦਗੜ੍ਹ ਸਾਹਿਬ |
| ੧੧-੩-੭੧ (ਵੀਰਵਾਰ) | ੫-੦੦ ਤੋਂ ੧੨-੦੦ ਸਵੇਰੇ | ਆਖੰਡ ਕੀਰਤਨ | ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ |
| ੧੧-੩-੭੧ | ੩ ੦੦ ਵਜੇ ਦੁਪਹਿਰ | ਨਗਰ ਕੀਰਤਨ ਗੁਰਦੁਆਰਾ ਭੋਰਾ ਸਾਹਿਬ ਤੋਂ ਅਰੰਭ ਹੋਕੇ ਗੁਰਦੁਆਰਾ ਗੁਰੂ ਕੇ ਮਹੱਲ, ਸੀਸ ਗੰਜ ਸਾਹਿਬ ਮੰਜੀ ਸਾਹਿਬ ਅਤੇ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਦੇ ਦਰਸ਼ਨ ਕਰਦਾ ਹੋਇਆ ਸ਼ਾਮ ਦੇ੬-੦੦ਵਜੇ ਕਿਲਾਂ ਸ੍ਰੀ ਅਨੰਦ ਗੜ੍ਹ ਸਾਹਿਬ ਵਿਖੇ ਸਮਾਪਤ ਹੋਵੇਗਾ। | |



www.AKJ.Org

| | | | |
|---|---|---|---|
| ੧੨-੩-੭੧ [ਸ਼ੁਕਰਵਾਰ] | ੫-੦੦ ਵਜੇ ਸਵੇਰੇ | ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ੧੦-੦੦ ਤਕ | ,, |
| ੧੨-੩-੭੧ [ਸ਼ੁਕਰਵਾਰ] | ੨-੦੦ ਵਜੇ | ਦੁਪਹਿਰ ਅਰੰਭ ਅੰਮ੍ਰਤ ਸੰਚਾਰ | |
| ੧੨-੩-੭੧ [ਸ਼ੁਕਰਵਾਰ] | ੮-੦੦ ਵਜੇ ਰਾਤ | ਅਰੰਭ ਰੈਣ ਸਬਾਈ ਕੀਰਤਨ | ,, |
| ੧੩-੩ ੭੧ [ਸ਼ਨਿਚ੍ਰਵਾਰ] | ੯-੩੦ ਵਜੇ ਸਵੇਰੇ | ਸਮਾਪਤੀ ਰੈਣ ਸਬਾਈ ਕੀਰਤਨ | ,, |
| ੧੩-੩-੭੧ | ੬-੩੦ਤੋਂ ੯-੩੦ ਸ਼ਾਮ | ਅਖੰਡ ਕੀਰਤਨ | ਤਖਤ ਸ੍ਰੀ ਕੇਸ ਗੜ੍ਹ ਸਾਹਿਬ |
| ੧੪-੬-੭੧ [ਐਤਵਾਰ] | ੫-੦੦ ਤੋਂ ੮-੦੦ ਸਵੇਰੇ | ਅਖੰਡ ਕੀਰਤਨ | |

੨. ਖਾਲਸਾ ਕਾਲਜ ਰੋਪੜ ਸ੍ਰੀ ਅਨੰਦਪੁਰ ਸਾਹਿਬ ਦੀ ਸੜਕ ਉਤੇ ਹੀ ਹੈ । ਜਥੇ ਦੀ ਰਿਹਾਇਸ਼, ਲੰਗਰ ਅਤੇ ਕੀਰਤਨ ਦਾ ਪ੍ਰਬੰਧ ਇਸੇ ਕਾਲਜ ਵਿਚ ਹੀ ਹੋਵੇਗਾ ।

੩. ਬਿਸਤਰਾ ਜ਼ਰੂਰ ਲੈਕੇ ਆਉਣਾ ਜੀ, ਇਕ ਗਲਾਸ ਯਾ ਗੜਵੀ ਹਰ ਇਕ ਸਜਨ ਲੈ ਕੇ ਆਉਣ ਦੀ ਕਿਰਪਾ ਕਰੇ । ਇਹ ਪਰੋਗਰਾਮ ਆਪਣੇ ਜਥੇ ਦੇ ਪਿਆਰਿਆਂ ਨੂੰ ਪਹੁੰਚਾਣ ਦੀ ਕਿਰਪਾ ਕਰਨੀ ਜੀ ।

ਨੋਟ :—ਸਾਰਿਆਂ ਸਜਨਾਂ ਦੀ ਸੇਵਾ ਵਿਖੇ ਬੇਨਤੀ ਕੀਤੀ ਜਾਂਦੀ ਹੈ ਕਿ ੧੦-੩-੭੧ ਤਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁਜ ਜਾਣ ਤਾਂ ਕਿ ਕਮਰਿਆਂ ਵਿਚ ਰਿਹਾਇਸ਼ ਮਿਲ ਸਕੇ । ਪਿਛੋਂ ਪੁਜਣ ਵਾਲੇ ਸਜਨਾਂ ਨੂੰ ਤੰਬੂਆਂ ਵਿਖੇ ਨਿਵਾਸ ਕਰਨਾ ਪਵੇਗਾ । ਤੰਬੂਆਂ ਵਿਚ ਨਿਵਾਸ ਕਰਨ ਲਈ ਬਿਸਤਰਿਆਂ ਨਾਲ ਆਪਣੀਆਂ ਫਾਲਤੂ ਛੋਟੀਆਂ ਫਰਸ਼ੀ ਦਰੀਆਂ ਲਿਆਉਣ ਦੀ ਕਿਰਪਾਲਤਾ ਕਰਨੀ ।


ਪੁਛ ਗਿਛ ਲਈ :
ਹਰਿਚਰਨ ਸਿੰਘ
੩੦੩੨, ਸੈਕਟਰ ੧੯ ਡੀ,
ਚੰਡੀਗੜ੍ਹ

ਸੰਗਤਾਂ ਦਾ ਦਾਸ :
ਮੱਲ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ
ਭਾਰਤ ਵਰਸ਼


## ਜ਼ਰੂਰੀ ਸੂਚਨਾ

ਸੂਰਾ ਪ੍ਰੈਸ ਬਦਲ ਕੇ ਜਲੰਧਰ ਆ ਗਿਆ ਹੈ । ਅਗੇ ਤੋਂ ਸੂਰੇ ਬਾਰੇ ਚਿਠੀ ਪੱਤਰ ਇਸ ਪਤੇ ਤੇ ਕੀਤਾ ਜਾਵੇ—

ਮੈਨੇਜਰ ਸੂਰਾ,
੩੦੫—L ਮਾਡਲ ਟਾਊਨ ਜਲੰਧਰ



www.AKJ.Org

# ਨਾਮ ਅਭਿਆਸ ਕਮਾਈ

## (੧)

## ਨਾਮ ਜਪਣ ਦਾ ਹੁਕਮ ਤੇ ਨਾਮ ਜਪਣ ਦੀਆਂ ਬਰਕਤਾਂ

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਮਗਰ ਬਾਣੀ ਆਦਿ ਤੋਂ ਅੰਤ ਤਾਈਂ ਇਹੋ ਉਪਦੇਸ਼ ਦ੍ਰਿੜ੍ਹਾਉਂਦੀ ਹੈ ਕਿ ਨਾਮੁ ਜਪਹੁ !ਨਾਮੁ ਜਪਹੁ ! ਹਰ ਇਕ ਗੁਰਵਾਕ ਤੋਂ ਏਹੋ ਹੁਕਮ ਮਿਲਦਾ ਹੈ ਕਿ ਨਾਮ ਅਰਾਧਹੁ ! ਨਾਮ ਜਪਹੁ, ਇਕ ਨਿਮਖ ਭਰ ਭੀ ਬਿਲੰਭ ਨਾ ਕਰਹੁ !! ਮਾਨਸ ਜਨਮ ਦਾ ਸੱਚਾ ਲਾਹਾ ਇਹੋ ਹੈ। ਸਾਰੀ ਗੁਰਬਾਂਣੀ ਦਾ ਤਤੁ ਸਾਰ ਇਹੋ ਹੈ। ਗੁਰਮਤਿ ਦੀ ਸੱਚੀ ਮੱਤ ਹਦਾਇਤ ਇਹੋ ਹੈ । ਸਤਿਗੁਰੂ ਸੱਚੇ ਗੁਰਦੇਵ ਸ੍ਰੀ ਗਰੰਥ ਸਾਹਿਬ ਜੀ ਮਹਾਰਾਜ ਦਾ ਹੁਕਮਨ ਸਿਰ ਸਾਰ ਹੁਕਮ ਇਹੋ ਹੈ, ਪਰ ਅੱਜ ਕਲ ਦੇ ਵਿਦਯਾ-ਅਕਲ, ਸਹਸ ਸਿਆਣਪੀ ਯੂਰਪੀ ਤਹਿਜ਼ੀਬ ਤੇ ਇਲਮ ਦੇ ਅਸਰ ਹੇਠ ਆਏ ਬਹੁਤ ਸਾਰੇ ਸਿਖ ਜਗਿਆਸੂ ਸਤਿਗੁਰੂ ਦੇ ਤਤ ਸਾਰ ਹੁਕਮ ਤੋਂ ਉਕੇ ਹੀ ਮੁਨਹਰਫ ਹਨ, ਉਨ੍ਹਾਂ ਨੂੰ ਗੁਰਬਾਣੀ ਦੇ ਇਹ ਵਾਕ ਪੋਹੰਦੇ ਹੀ ਨਹੀਂ । ਇਸ ਹੁਕਮ ਦੇ ਮੰਨਣੋਂ ਉਹ ਸਿਰਫ ਸਿਰ ਹੀ ਨਹੀਂ ਫੇਰਦੇ, ਸਗੋਂ ਇਸ ਹੁਕਮ ਮੁਨਹਰਫੀ ਦਾ ਪੰਥ ਵਿਖੇ ਪ੍ਰਚਾਰ ਕਰਦੇ ਹਨ । ਪੰਥਕ ਪੇਪਰ ਅਖਬਾਰ ਇਨ੍ਹਾਂ ਦੇ ਹੱਥ ਵਸਿ ਹੋਣ ਕਰਕੇ ਬੜੇ ਬੜੇ ਚੌੜੇ ਲੇਖ ਲਗਾਤਾਰ ਅਤੇ ਸਿਲਸਿਲੇ ਵਾਰ ਲਿਖ ਲਿਖ ਗੁਰ ਹੁਕਮਾਂ ਦੀ ਬੇ-ਮੁਖਤਾ ਦਾ ਖੁੱਲਮਖੁੱਲਾ ਪ੍ਰਚਾਰ ਕਰ ਰਹੇ ਹਨ । ਗੁਰਮਤਿ ਪ੍ਰਚਾਰ ਦੇ ਥਾਉਂ ਸਗੋਂ ਗੁਰਮਤਿ ਪ੍ਰਹਾਰ ਕਰ ਰਹੇ ਹਨ । ਉਨ੍ਹਾਂ ਦੇ ਲੇਖ ਦਸ ਰਹੇ ਹਨ ਕਿ ਜੋ ਕੁਛ ਉਹ ਲਿਖ ਰਹੇ ਹਨ, ਉਸ ਉਪਰ ਉਨ੍ਹਾਂ ਨੂੰ ਖੁਦ ਵਿਸ਼ਵਾਸ ਨਹੀਂ । ਦ੍ਰਿੜ੍ਹ ਭਰੋਸੇ ਬਿਹੂਣ ਡਾਵਾਂ ਡੋਲ ਹੋ ਰਹੇ ਹਨ । ਕੈਸੀ ਭੈੜੀ ਅਤੇ ਭਿਆਨਕ ਹਾਲਤ ਹੈ ਕਿ ਜਿਸ ਮਜ਼ਮੂਨ ਉਤੇ ਉਹ ਖੁਦ ਹਾਵੀ ਨਹੀਂ, ਉਸ ਦੇ ਲਿਖਾਰੀ ਹੋਣ ਦਾ ਕਿਉਂ ਦਾਵਾ ਬੰਨ੍ਹਣ । ਜਿਸ ਮਾਰਗ ਦੇ ਉਹ ਪਾਂਧੀ ਹੀ ਨਹੀਂ, ਜਿਸ ਰਾਹ ਦੇ ਉਹ ਜਾਣੂ ਹੀ ਨਹੀਂ ਉਸ ਬਾਬਤ ਉਨ੍ਹਾਂ ਨੂੰ ਲਿਖਣ



www.AKJ.Org

ਲਿਖਾਉਣ ਦੀ ਕੀ ਲੋੜ ਹੈ? ਇਕ ਵਾਰ ਨਹੀਂ, ਅਨੇਕ ਵਾਰ ਅਤੇ ਭਾਂਤ ਭਾਂਤ ਦੇ ਪੰਥਕ ਅਖਬਾਰਾਂ, ਰਸਾਲਿਆਂ, ਅੰਦਰਿ 'ਨਾਮਿ ਬਾਣੀ ਦੇ ਸਿਰ ਲੇਖ ਹੇਠਾਂ ਐਸੇ ਲੇਖ ਸਪਸ਼ਟ ਤੌਰ ਤੇ ਛਪੇ ਹਨ ਕਿ 'ਵਾਹਿਗੁਰੂ 'ਵਹਿਗੁਰੂ ਕਰਨਾ ਅਤੇ 'ਪੱਥਰ ਪੱਥਰ' ਆਖਣਾ ਇਕੋ ਜਿਹਾ ਹੀ ਅਸਰ ਰਖਦਾ ਹੈ। ਗੁਰੂ ਘਰ ਵਿਖੇ ਕੋਈ ਖਾਸ ਨਾਮ ਨਹੀਂ, ਜਿਸ ਦਾ ਜਾਪ ਅਭਿਆਸ ਕਰਨਾ ਵਿਧਾਨ ਹੈ । ਬਸ ਪਰੇਮ ਮੁਖ ਹੈ। ਪਰੇਮ ਨਾਲ ਪੱਥਰ ਪੱਥਰ ਆਖੀ ਜਾਣ ਦਾ ਵੀ ਉਹੋ ਅਸਰ ਹੈ, ਜਿਹਾ ਕਿ ਰਾਮ ਰਾਮ ਅਥਵਾ ਵਹਿਗੁਰੂ ਆਖੀ ਜਾਣ ਦਾ। ਇਸ ਮਨਮਤ ਦੀ ਪਰੌੜ੍ਹਤਾ ਵਿਚ ਉਹ ਮਨਘੜਤ ਕਹਾਨੀਆਂ ਘੜ ਘੜ ਲਿਖ ਸੁਣਾਉਂਦੇ ਹਨ। ਇਸ ਬਿਧੀ ਉਹ ਗੁਰਮਤਿ ਦੇ ਥਾਉਂ ਮਨਮਤਿ ਦਾ ਪਰਚਾਰ ਕਰਦੇ ਹਨ। ਤਿਨ੍ਹਾਂ ਪ੍ਰਤੀ ਹੀ ਇਹ ਗੁਰਵਾਕ ਠੀਕ ਹੈ.—

ਮਨਮੁਖਿ ਅੰਧਲੇ ਗੁਰਮਤਿ ਨਾ ਭਾਈ ॥
ਪਸੂ ਭਏ ਅਭਿਮਾਨੁ ਨ ਜਾਈ ॥

ਉਹ ਕਹਿੰਦੇ ਹਨ ਕਿ ਮਨ ਉਕਤ ਕੋਈ ਅੱਖਰ ਭੀ ਆਖੀ ਜਾਓ, ਪਰ ਪਰੇਮ ਨਾਲ ਆਖੀ ਜਾਓ ਉਹ ਤਾਂ ਸਭ ਸਫਲਾ ਹੈ ਪਰ ਰਬ ਦਾ ਕੋਈ ਖਾਸ ਨਾਮ ਭੀ ਭਾਵੇਂ ਹੋਵੇ, ਉਸ ਨੂੰ ਅ-ਪਰੇਮ ਸਹਿਤ ਆਖਣਾ ਕਦੇ ਭੀ ਫਲੀ ਭੂਤ ਨਹੀਂ ਹੁੰਦਾ। ਇਕ ਮਨਘੜਤ ਗਪੌੜ ਕਹਾਣੀ ਲਿਖ ਕੇ ਉਹ ਸਾਬਤ ਕਰਦੇ ਹਨ ਕਿ ਪੁਰਸ਼ ਸੂਧੇ ਸਭਾ ਨਾਲ 'ਮੂਰਖ'' 'ਮੂਰਖ' ਪਦਾਂ ਦਾ ਜਾਪ ਜਪ ਕੇ ਹੀ ਸਦ ਗਤਿ ਨੂੰ ਪ੍ਰਾਪਤ ਹੋ ਗਿਆ ਸੀ। ਅਸੀਂ ਇਸ ਗਪੌੜ ਕਥਾ ਨੂੰ ਕਦਾਚਿਤ ਭੀ ਤਸਲੀਮ ਨਹੀਂ ਕਰ ਸਕਦੇ ਕਿਉਂਕਿ ਇਹ ਗੁਰਮਤਿ ਆਸ਼ੇ ਤੋਂ ਉੱਕੀ ਹੀ ਪ੍ਰਤਿਕੂਲ ਹੈ। ਨਾ ਹੀ ਕਿਸੇ ਗੁਰੂ ਘਰ ਦੇ ਇਤਿਹਾਸ ਅੰਦਰ ਐਸੀ ਕੋਈ ਗਪੌੜ ਕਥਾ ਅਸੀਂ ਅੱਜ ਤਾਈਂ ਪੜ੍ਹੀ ਸੁਣੀ ਹੈ। ਐਸੀਆਂ ਗੱਲਾਂ ਦੇ ਲਿਖਾਰੀਆਂ ਵਿਚੋਂ ਇਕ ਲੇਖਕ ਆਪਣੇ ਲੇਖ ਵਿਚ ਕੁਝ ਸਤਰਾਂ ਇਸ ਬਿਧ ਲਿਖਦੇ ਹਨ:—

'ਅਸਲ ਗੱਲ ਤਾਂ ਇਹ ਹੈ ਕਿ ਕੋਈ ਨਾਮ ਭੀ ਪਰਮੇਸਰ ਦਾ ਨਹੀਂ ਹੋ ਸਕਦਾ। ਜੇ ਤੁਸੀਂ ਲਫਜੀ ਮਤਲਬ ਲਵੋਗੇ ਤਾਂ ਹਰ ਇਕ ਨਾਮ ਕਿਸੇ ਦੇ ਗੁਣਾਂ ਨੂੰ ਪਰਗਟ ਕਰੇਗਾ। ਸੋ ਅਸਲ ਕੋਈ ਇਕ ਨਾਮ ਉਸ ਵਾਹਿਗੁਰੂ ਦਾ ਹੋ ਹੀ ਨਹੀਂ ਸਕਦਾ । ਕਿਸੇ ਇਕ ਬੇ-ਮਤਲਬੇ ਲਫਜ਼ ਨੂੰ ਕਹੀ ਜਾਣਾ ਕੀ ਗੁਣ ਕਰ ਸਕਦਾ ਹੈ ਆਦਿ ।

ਇਸ ਪਰਕਾਰ ਦੀਆਂ ਮਨ ਉਕਤ ਦਲੀਲਾਂ ਦੇ ਕੇ ਉਹ


www.AKJ.Org

ਗੁਰਮਿਤ ਦੇ ਨਾਮ ਭਗਤੀ ਵਾਲੇ ਅਸੂਲ ਤੋਂ ਸਰਕਸ਼ੀ ਕਰ ਰਹੇ ਹਨ ਅਤੇ ਭੋਲੇ ਭਾਲੇ ਸਿਧੜ ਸਿਖਾਂ ਨੂੰ ਗੁਰਬਾਣੀ ਅਤੇ ਗੁਰਮਤਿ ਨਾਮ ਤੋਂ ਅਸਰਧਕ ਬਣਾ ਰਹੇ ਹਨ । ਅਸੀਂ ਐਸੇ ਲੇਖਕਾਂ ਨੂੰ ਸਨਿੰਮਰ ਬੇਨਤੀ ਕਰਦੇ ਹਾਂ. ਕਿ ਉਹ ਇਸ ਮਨ ਮਤਿ ਨੂੰ ਛਡ ਕੇ ਨਾਮ ਬਾਣੀ ਦੇ ਖੋਜੀ ਬਣਨ, ਉਨ੍ਹਾਂ ਨੂੰ ਸਿਰੀ ਗੁਰੂ ਗਰੰਥ ਸਾਹਿਬ ਜੀ ਦੇ ਏਹਨਾਂ ਦੀਖਸ਼ਤ ਵਾਕਾਂ ਉਤੇ ਅਮਲ ਕਰਨਾ ਚਾਹੀਦਾ ਹੈ । ਯਥਾ ਗੁਰਵਾਕ:—

'ਛਾਡਿ ਸਿਆਣਪ ਬਹੁ ਚਤੁਰਾਈ ।
ਗੁਰ ਪੂਰੇ ਕੀ ਟੇਕ ਟਿਕਾਈ ।'

ਚਤਰਾਈਆਂ ਅਤੇ ਸਿਆਣਪਾਂ ਮਨ ਦੀਆਂ ਮਤਾਂ ਛਡ ਕੇ ਸਤਿਗੁਰੂ ਪੂਰੇ ਉਪਰ ਸਰਧਾ ਭਾਵਨੀ ਵਾਲੀ ਟੇਕ ਟਿਕਾਉਣੀ ਚਾਹੀਦੀ ਹੈ ਪਰ ਸਪਸ਼ਟ ਏਹੋ ਜਾਪਦਾ ਹੈ ਕਿ ਅਜੇਹੇ ਪੁਰਸ਼ਾਂ ਦੀ ਗੁਰੂ ਅਤੇ ਗੁਰਬਾਣੀ ਉਤੇ ਰਾਈ ਮਾਤਰ ਭੀ ਸਰਧਾ ਨਹੀਂ । ਸਰਧਾ ਹੋਵੇ ਤਾਂ ਉਹ ਅਜੇਹੇ ਗੁਰਵਾਕ ਮੰਨਣੋ ਕਦੇ ਸਿਰ ਫੇਰਨ ਅਤੇ ਨਾਮ ਤੋਂ ਕਦੇ ਮੁਨਕਰ ਹੋਵਨ ! ਗੁਰਬਾਣੀ ਗੁਰੂ ਕੇ ਵਾਕ ਤਾਂ ਇਉਂ ਦਸਦੇ ਹਨ:—

'ਹਰਿ ਕਾ ਨਾਮੁ ਦੀਓ ਗੁਰਿਮੰਤ ॥
ਮਿਟੇ ਵਿਸੂਰੇ ਉਤਰੀ ਚਿੰਤ ॥'

ਅਰਥਾਤ ਸਤਿਗੁਰੂ ਨੇ ਨਾਮ ਰੂਪੀ ਗੁਰਮੰਤ੍ਰ ਦੀ ਬਖਸ਼ੀਸ਼ ਕੀਤੀ ਹੈ, ਜਿਸ ਦੀ ਬਰਕਤ ਨਾਲ ਸਾਰੇ ਵਿਸੂਰੇ ਮਿਟ ਗਏ ਹਨ ਅਤੇ ਚਿੰਤਾ ਉਤਰ ਗਈ ਹੈ. ਪਰ ਗੁਰਬਾਣੀ ਤੋਂ ਅਸਰਧਕ ਕਹਿੰਦੇ ਹਨ, ਕਿ ਨ ਕੋਈ ਨਾਮ ਹੈ ਤੇ ਨ ਨਾਮ ਦੇ ਜਾਪ ਦੀ ਲੋੜ ਹੈ । ਸਚੇ ਸਤਿਗੁਰੂ ਸਿਰੀ ਗੁਰੂ ਗਰੰਥ ਸਾਹਿਬ ਜੀ ਦਾ ਗੁਰਵਾਕ ਰੂਪੀ ਹੁਕਮ ਹੈ:—

'ਗੁਰੂ ਗੁਰੂ ਜਪਿ ਮੀਤ ਹਮਾਰੇ ॥'
ਮੁਖ ਊਜਲ ਹੋਵਹਿ ਦਰਬਾਰੇ ।'

ਅਰਥਾਤ—ਹੇ ਸਾਡੇ ਮਿੱਤਰ ਪਿਆਰੇ ਤੂੰ ਗੁਰੂ ਗੁਰੂ ਜਪ ਅਤੇ ਇਸ ਜਾਪ ਜਪਣ ਦਾ ਫਲ ਕੀ ਹੈ, ਅਕਾਲ ਪੁਰਖ ਦੀ ਸਚੀ ਦਰਗਾਹ ਵਿਚ ਤੇਰਾ ਮੁਖ ਉਜਲਾ ਹੋਵੇਗਾ । ਨਾਮ ਜਪਣ ਦੀ ਅਕਲ ਕਲਾ ਦਾ ਪਾਰਸ ਪਾਰਜਾਤੀ ਫਲ ਨਿਰਸੰਦੇਹ ਇਹੋ ਹੋਵੇਗਾ, ਕਿਉਂਕਿ ਸਤਿਗੁਰ ਦੀ ਬਾਣੀ ਸਤਿ ਸਤਿ ਹੈ । ਗੁਰਵਾਕ ਹੈ:—

'ਸਤਿਗੁਰੂ ਕੀ ਬਾਣੀ ਸਤਿ ਸਤਿ ਕਰ ਜਾਣਹੁ
ਗੁਰਸਿਖਹੁ ਹਰ ਕਰਤਾ ਆਪਿ ਮੁਹਹੁ ਕਢਾਏ ॥'

ਹੁਣ ਦਸੋ ਅਸੀਂ ਸਤਿਗੁਰੂ ਦੀ ਬਾਣੀ ਨੂੰ ਸਤਿ ਸਤਿ ਕਰਕੇ



www.AKJ.Org

ਮੰਨੀ ਏ ਯਾ ਔਝੜੇ ਪਏ ਆਗੂਆਂ ਦੀ ਮਤਿ ਨੂੰ ਸੱਚਾ ਮੰਨੀਏ। 'ਗੁਰੂ ਗੁਰੂ ਜਪਣ' ਨੂੰ ਉਹ ਬੇ-ਮਤਲਬੇ ਲਫ਼ਜ਼ ਰਟਣੇ ਆਖੀ ਜਾਣ ਪਰ ਸਿਖਾਂ ਸਰਧਾਲੂਆਂ ਦੇ ਨਿਕਟ ਤਾਂ ਇਹ ਐਨ ਪੁਰਮਤਲਬ ਬ੍ਰਹਮ ਵਾਕ ਹਨ। ਜਿਸ 'ਗੁਰੂ ਗੁਰੂ ਜਪਣ' ਨਾਲ 'ਮੁਖ ਊਜਲ ਹੋਵਹਿ ਦਰਬਾਰੇ' ਵਾਲਾ ਮਨੁਖਾ ਦੇਹ ਦਾ ਸਫਲ ਜਨੰਮੀ ਲਾਹਾ ਪ੍ਰਾਪਤ ਹੋਣਾ ਗੁਰੂ ਸਾਹਿਬ ਦਰਸਾਉਣ ਉਨ੍ਹਾਂ 'ਗੁਰੂ ਗੁਰੂ ਜਪਣ' ਰੂਪੀ ਵਾਕਾਂ ਨੂੰ ਗੁਰੂ ਕਾ ਸਰਧਾਵ ਨ ਸਿਖ ਤਾਂ ਬੇਮਤਲਬੇ ਲਫ਼ਜ਼ ਨਹੀਂ ਕਹਿ ਸਕਦਾ। ਅਸਰਧਕ ਲੋਕ ਕਹਿਣ ਤਾਂ ਏਹ ਉਨ੍ਹਾਂ ਦੇ ਅਭਾਗ ਹਨ ਅਤੇ ਉਨ੍ਹਾਂ ਦੀ ਅਧੋਗਤੀ ਦੇ ਇਹ ਲੱਛਣ ਹਨ। ਅਸਾਡੇ ਸਚੇ ਗੁਰਦੇਵ ਸਤਿਗੁਰੂ ਗੁਰੂ ਗਰੰਥ ਸਾਹਿਬ ਜੀ ਤਾਂ ਫ਼ਰਮਾਉਂਦੇ ਹਨ:—

> 'ਹਰਿ ਸਿਮਰਤ ਤੇਰੀ ਜਾਇ ਬਲਾਇ ॥ ਸਰਬ ਕਲਿਆਣ ਵਸੈ ਮਨਿ ਆਇ ॥ ਭਜੁ ਮਨ ਮੇਰੇ ਏਕੋ ਨਾਮ ॥ ਜੀਅ ਤੇਰੇ ਕੈ ਆਵੈ ਕਾਮ ॥ ਰੈਣ ਦਿਨਸੁ ਗੁਣ ਗਾਉ ਅਨੰਤ ॥ ਗੁਰ ਪੂਰੇ ਕਾ ਨਿਰਮਲ ਮੰਤ ॥ ਛੋਡਿ ਉਪਾਇ ਏਕ ਟੇਕ ਰਾਖੁ ॥ ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖ ॥......'

ਭਾਵ ਜਿਸ ਨਾਮ ਦੇ ਸਿਮਰਨ ਕਰਕੇ ਸਰਬ ਮੋਖ ਕਲਿਆਣ ਅੰਤਿਰ ਆਤਮੇ ਹੀ ਆਇ ਵਸਨ, ਹੇ ਮਨ ਮੇਰੇ! ਤੂੰ ਐਸੇ ਨਾਮ ਨੂੰ ਹੀ ਕੇਵਲ ਏਕੈ ਨਾਮ ਨੂੰ ਹੀ ਭਜੁ। ਐਸੇ ਏਕੈ ਨਾਮ ਨੇ ਹੀ ਏਥੇ ਓਥੇ ਆਗੈ ਪਾਛੈ ਲੋਕ ਪ੍ਰਲੋਕ ਵਿਖੇ ਤੇਰੇ ਜੀਅੜੇ ਦੇ ਕੰਮ ਆਉਣਾ ਹੈ। ਪਰ ਸਾਡੇ ਅਸਰਧਕ ਵੀਰ ਏਹ ਪੁਠੀਆਂ ਭੁਲਾਉਣੀਆਂ ਦੇਣ ਕਿ ਨਾਮ ਕੋਈ ਨਹੀਂ ਅਤੇ ਨਾਮ ਨਰੂਪਣੀ ਅੱਖਰਾਂ ਵਾਲੇ ਪਦ ਸਭ ਬੇਮਤਲਬੇ ਲਫ਼ਜ਼ ਹਨ ਤਾਂ ਦਸੋ ਅਸੀਂ ਗੁਰੂ ਦੇ ਸਿਖ ਹੁੰਦੇ ਹੋਏ ਸਤਿਗੁਰਾਂ ਦੀ ਮਤਿ ਮੰਨੀਐ ਕਿ ਸਤਿਗੁਰੂ ਮਤ ਤੋਂ ਬੇਮੁਖ ਕਰਾਉਣ ਹਾਰਿਆਂ ਦੀ ਮਤ ਮੰਨੀਏ। ਜਿਸ ਨਾਮ ਨੂੰ ਜਪਣ ਲਈ ਗੁਰੂ ਸਾਹਿਬ ਸਮਗਰ ਗੁਰਬਾਣੀ ਵਾਕਾਂ ਅੰਦਰ ਜ਼ੋਰਦਾਰ ਅਪੀਲ ਅਸਾਡੇ ਮਨਾਂ ਤਾਈਂ ਕਰਦੇ ਹਨ ਅਤੇ ਜਿਸ ਨਾਮ ਦੇ ਜਪਣ ਸਿਮਰਨ ਕਰਕੇ ਅਸਾਡੀਆਂ ਸਭ ਬਲਾਈਆਂ ਦੂਰ ਹੋਵਨ ਅਤੇ ਸਰਬ ਕਲਿਆਣਾਂ ਮਨਿ ਆਇ ਵਸਣ ਅਤੇ ਜੋ ਨਾਮ ਕੇਵਲ ਨਾਮ ਹੀ ਅਸਾਡੇ ਜੀਵ ਆਤਮਾ ਦਾ ਦੋਹੀਂ ਲੋਕੀਂ ਕਲਿਆਣ ਕਾਰੀ ਤੇ ਸਹਾਈ ਹੋਵੇ, ਕੀ ਉਸ ਨਾਮ ਨੂੰ ਅਸੀਂ ਗੁਰੂ ਕੇ ਸਿਖ ਬੇ-ਮਤਲਬੇ ਲਫ਼ਜ਼ ਕ਼ਹਿ ਮੰਨ ਕੇ ਜਪਣੋ ਹਟ



www.AKJ.Org

ਸਕਦੇ ਹਾਂ ? ਹਾਂ, ਉਸੇ ਸੂਰਤ ਵਿਚ ਹੀ ਹਟ ਸਕਦੇ ਹਾਂ, ਜੇ ਅਸਾਡੀ ਸਰਧਾ ਪੂਰਤ ਭਰੋਸੇ ਭਾਵਨੀ ਵਾਲੀ ਬੁਧੀ ਬਿਪਰਜੇ ਹੋ ਜਾਵੇ ਅਤੇ ਗੁਰੂ ਕੀ ਬਾਣੀ ਸਤਿ ਸਤਿ ਕਰ ਮੰਨਣੋਂ ਗੁਮਰੁਠ ਹੋ ਜਾਏ। ਗੁਰੂ ਕਿਰਪਾ ਕਰੇ ਕਿ ਅਸਾਡੀ ਸਰਧਾ ਹੀਣ ਦਸ਼ਾ ਨਾ ਹੋਣੀ ਪਾਵੇ ਅਤੇ ਅਸਾਡੀ ਏਹ ਸਰਧਾ ਬਣੀ ਰਹੇ ਕਿ ਗੁਰੂ ਕੀ ਬਾਣੀ ਨੂੰ ਧੁਰ ਕੀ ਬਾਣੀ ਮੰਨਦੇ ਰਹੀਏ ਅਤੇ ਮਨ ਬਚ ਕ੍ਰਮ ਕਰਕੇ ਮੰਨਦੇ ਰਹੀਏ ਅਤੇ ਸਤਿਗੁਰੂ ਬਾਣੀ ਬਾਝੋਂ ਹੋਰ ਅਲਪੱਗ ਪੁਰਸ਼ਾਂ ਦੀਆਂ ਕੱਚੀਆਂ ਕਹਿਣੀਆਂ ਕੁਬਾਣੀਆਂ ਨੂੰ ਕਦੇ ਬੀ ਰੱਬੀ ਕਲਾਮ ਕਰਕੇ ਨਾ ਮੰਨੀਏ। ਕੁਬਾਣ ਕੁਬਚਨੀਏ ਤਾਂ ਕਹਿੰਦੇ ਹਨ ਕਿ ਨਾ ਕੋਈ ਨਾਮ ਹੈ ਨਾ ਸਿਮਰਨ ਤੇ ਨਾ ਸਿਮਰਨ ਦਾ ਲਾਭ ਹੈ, ਪਰ ਗੁਰੂ ਸਾਹਿਬ ਇਸ ਬਿਧ ਉਨ੍ਹਾਂ ਦੇ ਕੰਨ ਖੋਲ੍ਹਦੇ ਹਨ। ਯਥਾ ਗੁ:—

> 'ਦੁਰਲਭ ਦੇਹ ਹੋਈ ਪਰਵਾਨੁ ॥ ਸਤਿਗੁਰ ਤੇ
> ਪਾਇਆ ਨਾਮੁ ਨੀਸਾਨੁ ॥ ਹਰ ਸਿਮਰਤ ਪੂਰਨ ਪਦ
> ਪਾਇਆ । ਸਾਧ ਸੰਗ ਭੈ ਭਰਮ ਮਿਟਾਇਆ ॥'

ਧੰਨ ਸਤਿਗੁਰ ! ਧੰਨ ਗੁਰਵਾਕ ! ਦੇਖਿਆ ! ਨਾਮੁ ਨੀਸਾਨ ਸਤਿਗੁਰ ਦੁਆਰਿਓਂ ਮਿਲਦਾ ਹੈ । ਗੁਰੂ ਪੰਚਮ ਪਾਤਸ਼ਾਹ ਜੀ ਫੁਰਮਾਉਂਦੇ ਹਨ ਅਤੇ ਸਚੀ ਸਾਖੀ ਭਰਦੇ ਹਨ ਕਿ ਨਾਮ ਰੂਪੀ ਸਚਾ ਜਪ ਨੀਸਾਨ ਅਸੀਂ ਪਾਇਆ ਹੈ ਸਤਿਗੁਰੂ ਨਾਨਕ ਦੇਵ ਜੀ ਦੇ ਦੁਆਰਿਓਂ — ਦਰੋਂ ਘਰੋਂ —ਜਿਸ ਦੇ ਪਾਉਣ ਕਰਕੇ ਇਹ ਦੁਰਲਭ ਮਨੁਖਾ ਦੇਹੀ ਪਰਵਾਨ ਅਤੇ ਸਫਲ ਹੋਈ ਹੈ ਅਤੇ ਇਸ ਨਾਮ ਦੇ ਸਿਮਰਨ ਕਰਕੇ ਹੀ ਇਸ ਜਪ ਨੀਸਾਨ ਦੇ ਤੁਫੈਲ ਹੀ ਪੂਰਨ ਪਦ ਪਾਇਆ ਹੈ ਅਤੇ ਏਸ ਪਦ ਨੂੰ ਗੁਰਮਤਿ ਨਾਮ ਜਪਣ ਵਾਲਾ ਜਨ ਹੀ ਪਾ ਸਕਦਾ ਹੈ। ਫੇਰ ਸਤਿਗੁਰੂ ਜੀ ਫੁਰਮਾਉਂਦੇ ਹਨ, ਯਥਾ ਗੁਰਵਾਕ:—

> 'ਸਤਿਗੁਰ ਮੰਤ੍ਰ ਦੀਓ ਹਰਿ ਨਾਮੁ ॥
> ਏਹ ਆਸਰ ਪੂਰਨ ਭਏ ਕਾਮ ॥'

ਜਪਣ ਜੋਗ ਨਾਮ ਰੂਪੀ ਗੁਰ ਮੰਤ੍ਰ ਕੈਸਾ ਸਪਸ਼ਟ ਸਿੱਧ ਹੋਇਆ। ਇਹ ਗੁਰ ਮੰਤ੍ਰ ਰੂਪੀ ਨਾਮ ਦੇ ਆਸਰੇ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਰਬ ਕਾਮ ਮਨੋਰਥ ਪੂਰਨ ਹੋਏ ਹਨ ਅਤੇ ਪੂਰਨ ਹੋ ਜਾਂਦੇ ਹਨ। ਕੀ ਅਜੇ ਭੀ ਨਾਮ ਰੂਪੀ ਸੁਅਖਰਾਂ ਨੂੰ ਬੇ-ਮਤਲਬੇ ਲਫਜ਼ ਕਿਹਾ ਜਾ ਸਕਦਾ ਹੈ ? ਹੋਰ ਗੁਰਵਾਕ ਲਓ:—

> 'ਅਨਦਿਨੁ ਜਪਉ ਗੁਰੂ ਗੁਰ ਨਾਮ ॥
> ਤਾਤੇ ਸਿਧਿ ਭਏ ਸਗਲ ਕਾਮ ॥



www.AKJ.Org

ਕੀ ਅਜੇ ਭੀ ਨਾਮ ਮ੍ਰਿਗ ਤ੍ਰਿਸ਼ਨਾ ਹੀ ਹੈ ? ਕੀ ਗੁਰੂ ਸਾਹਿਬ ਆਪਣੀ ਪਵਿਤਰ ਅਤੇ ਸਤਿ ਅਤੇ ਅੰਮ੍ਰਿਤ ਤਤ ਬਾਣੀ ਦੁਆਰਾ ਮ੍ਰਿਗ ਤ੍ਰਿਸ਼ਨਾ ਦਾ ਉਪਦੇਸ਼ ਹੀ ਦ੍ਰਿੜਾਉਂਦੇ ਹਨ ? ਕੈਸੀ ਫੋਰਸ ਨਾਲ ਕੈਸੀ ਦ੍ਰਿੜਤਾ ਨਾਲ ਗੁਰੂ ਸਾਹਿਬ ਅਸਾਡੇ ਪ੍ਰਤੀ ਉਪਦੇਸ਼ਦੇ ਹਨ ਕਿ ਅਨਦਿਨ ਨਿਸ ਬਾਸਰ ਗੁਰਮਤਿ ਨਾਮ ਜਪੋ ਅਤੇ ਜਪੀ ਜਾਓ, ਜਿਸ ਜਪਣ ਕਰ ਸਾਰੇ ਅਰਥ ਕਾਮ ਮੋਖ ਸਿਧ ਹੋ ਜਾਂਦੇ ਹਨ। ਸਰਬ ਮਨੋ ਕਾਮਨਾ ਪੁਜਾਵਨਹਾਰੇ ਮੋਕਸ਼ਦਾਤਾ ਨਾਮ ਨੂੰ ਬੇ-ਮਤਲਬਾ ਨਾਮ ਆਖਣ ਵਾਲਿਆਂ ਉਤੇ ਅਫਸੋਸ ! ਸਦ ਅਫਸੋਸ !!

ਨਾਮ ਜਪਣ ਦੇ ਪੁਰ ਮਤਲਬ ਹੋਣ ਦੀ ਮੂੰਹ ਬੋਲਦੀ ਤਸਵੀਰ ਇਹ ਅਗਲੇਰੇ ਗੁਰਵਾਕ ਕੈਸੀ ਸੋਹਣੀ ਖਿੱਚਦੇ ਹਨ, ਯਥਾ ਗੁਰਵਾਕ:—

ਗਉੜੀ ਮਹਲਾ ੫ ॥

'ਜਾਸੁ ਜਪਤ ਭਉ ਅਪਦਾ ਜਾਇ' ॥
'ਧਾਵਤ ਮਨੂਆ ਆਵੈ ਠਾਇ' ॥ ੧ ॥
'ਜਾਸੁ ਜਪਤ ਫਿਰਿ ਦੂਖ ਨ ਲਾਗੈ ॥
'ਜਾਸੁ ਜਪਤ ਇਹ ਹਉਮੈ ਭਾਗੈ' ॥ ੨ ॥
'ਜਾਸੁ ਜਪਤ ਵਸਿ ਆਵਹਿ ਪੰਚਾ' ॥
'ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ' ॥ ੩ ॥
'ਜਾਸ ਜਪਤ ਇਹ ਤ੍ਰਿਸਨਾ ਬੂਝੈ' ॥
'ਜਾਸੁ ਜਪਤ ਹਰਿ ਦਰਗਹ ਸਿਝੈ' ॥ ੪ ॥
'ਜਾਸੁ ਜਪਤ ਕੋਟਿ ਮਿਟਹਿ ਅਪ੍ਰਾਧ' ॥
'ਜਾਸੁ ਜਪਤ ਹਰਿ ਹੋਵਹਿ ਸਾਧ' ॥ ੫ ॥
'ਜਾਸੁ ਜਪਤ ਮਨੁ ਸੀਤਲ ਹੋਵੈ' ॥
'ਜਾਸੁ ਜਪਤ ਮਲੁ ਸਗਲੀ ਖੋਵੈ' ॥ ੬ ॥
'ਜਾਸੁ ਜਪਤ ਰਤਨਿ ਹਰਿ ਮਿਲੈ' ॥
'ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥ ੭ ॥
'ਜਾਸੁ ਜਪਤ ਕਈ ਬੈਕੁੰਠ ਵਾਸੁ' ॥
'ਜਾਸੁ ਜਪਤ ਸੁਖ ਸਹਿਜ ਨਿਵਾਸੁ ॥ ੮ ॥
'ਜਾਸ ਜਪਤ ਇਹ ਅਗਨਿ ਨਾ ਪੋਹਤ' ॥
'ਜਾਸੁ ਜਪਤ ਇਹੁ ਕਾਲੁ ਨ ਜੋਹਤ' ॥ ੯ ॥
'ਜਾਸੁ ਜਪਤ ਤੇਰਾ ਨਿਰਮਲ ਮਾਥਾ' ॥
ਜਾਸੁ ਜਪਤ ਸਗਲਾ ਦੂਖੁ ਲਾਥਾ ॥ ੧੦ ॥



www.AKJ.Org

'ਜਾਸੁ ਜਪਤ ਮੁਸਕਲੁ ਕਛੂ ਨ ਬਨੈ' ॥
'ਜਾਸੁ ਜਪਤ ਸੁਣਿ ਅਨਹਤ ਧੁਨੈ ॥ ੧੧' ॥
'ਜਾਸੁ ਜਪਤ ਇਹ ਨਿਰਮਲ ਸੋਇ' ॥
'ਜਾਸੁ ਜਪਤ ਕਮਲੁ ਸੀਧਾ ਹੋਇ' ॥ ੧੨ ॥
'ਗੁਰਿ ਸੁਭ ਦ੍ਰਿਸਟਿ ਸਭ ਊਪਰ ਕਰੀ' ॥
'ਜਿਸਕੈ ਹਿਰਦੈ ਮੰਤਰ ਦੇ ਹਰੀ' ॥ ੧੩ ॥
'ਅਖੰਡ ਕੀਰਤਨੁ ਤਿਨਿ ਭੋਜਨ ਚੂਰਾ' ॥
'ਕਹੁ ਨਾਨਕ ਜਿਸ ਸਤਿਗੁਰ ਪੂਰਾ ॥ ੧੪ ॥

ਦੇਖਿਆ ! ਨਾਮ ਜਪਣ ਦੀ ਪਾਰਸ ਕਲਾ ਦੇ ਪ੍ਰਭਾਵ ਕਰਕੇ ਕਿੰਨੀਆਂ ਬਰਕਤਾਂ ਆ ਵੁਠਦੀਆਂ ਹਨ । (੧) ਨਾਮ ਜਪਣ ਕਰ ਭਉ ਅਪਦਾ ਦੂਰ ਹੋ ਜਾਂਦੀ ਹੈ । (੨) ਅਤੇ ਨਾ ਥਿਰ ਰਹਿਣ ਵਾਲਾ ਦਹਿਦਿਸ ਧਾਵਨ ਵਾਲਾ ਮਨੂਆ ਥੈਹ ਸਿਰ ਆ ਜਾਂਦਾ ਹੈ । ਬਹੁੜ ਭਟਕਦਾ ਭਰਮਦਾ ਨਹੀਂ (੩) ਨਾਮ ਜਪਣ ਕਰਕੇ ਫੇਰ ਕੋਈ ਦੁਖ ਨਹੀਂ ਲਗਦਾ । ਫੇਰ ਤੋਂ ਭਾਵ ਨਾਮ ਗੁਰ ਮੰਤ੍ਰ ਮਿਲਨ ਪਸਚਾਤ ਨਾਮ ਦੀ ਅਭਿਆਸ ਕਮਾਈ ਅਰੰਭਣ ਪਸਚਾਤ ਬਹੁੜ ਦਰਦ ਦੁਖ ਵਿਆਪਣੋਂ ਰਹਿ ਖੜੋਂਦੇ ਹਨ । (੪) ਨਾਮ ਜਪਣ ਕਰਕੇ ਹਉਮੈ ਦਾ ਰੋਗ ਭੀ ਨਸ ਭਜ ਜਾਂਦਾ ਹੈ । (੫) ਨਾਮ ਦੇ ਜਪਣ ਕਰਕੇ ਪੰਚ ਦੂਤ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਵਸਗਤ ਹੋ ਜਾਂਦੇ ਹਨ ਭਾਵ ਦਮਨ ਹੋ ਜਾਂਦੇ ਹਨ । (੬) ਨਾਮ ਜਪਣ ਕਰਕੇ ਹਿਰਦੇ ਘਟ ਅੰਦਰ ਅੰਮ੍ਰਿਤ ਰਸ ਦਾ ਸੰਚਾਰ ਹੁੰਦਾ ਹੈ । (੭) ਨਾਮ ਜਪਣ ਕਰਿ ਤ੍ਰਿਸ਼ਨਾ ਰੋਗ ਜੋ ਸਰਬ ਸੰਸਾਰ ਨੂੰ ਵਿਆਪ ਰਿਹਾ ਹੈ, ਦੂਰ ਹੋ ਜਾਂਦਾ ਹੈ ਅਰਥਾਤ ਸਾਰੀ ਤ੍ਰਿਸ਼ਨਾ ਬੁਝ ਜਾਂਦੀ ਹੈ । (੮) ਨਾਮ ਦੇ ਜਪਣ ਕਰਕੇ ਸਚੀ ਦਰਗਾਹ ਵਿਖੇ ਜਾ ਸਿਝੀਦਾ ਹੈ । (੯) ਨਾਮ ਦੇ ਜਪਣਿ ਕਰਿ ਕੋਟਿ ਅਪਰਾਧ ਮਿਟ ਜਾਂਦੇ ਹਨ । (੧੦) ਨਾਮ ਦੇ ਜਪਣ ਕਰਿ ਹੀ ਸਚੇ ਸਾਧ ਹੋ ਜਾਈਦਾ ਹੈ । ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ:—

'ਜਿਨਾ ਸਾਸਿ ਗਿਰਾਸ ਨ ਵਿਸਰੈ ਹਰਿ ਨਾਮਾ ਮਨਿ
ਮੰਤੁ ॥ ਧੰਨ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ।'

(੧੧) ਨਾਮ ਜਪਣ ਕਰ ਮਨ ਸੀਤਲ ਸ਼ਾਂਤ ਹੋ ਜਾਂਦਾ ਹੈ । ਕੇਵਲ ਨਾਮ ਜਪਣ ਕਰਿ ਸਚੀ ਸੀਤਲਤਾ ਅਤੇ ਸ਼ਾਂਤਮਈ ਦਸ਼ਾ ਪਰਾਪਤ ਹੁੰਦੀ ਹੈ, ਐਵੇਂ ਨਹੀਂ । ਨਾਮ ਹੀਣ ਜੰਤਾਂ ਦੀਆਂ ਸੜੀਆਂ ਸ਼ਾਂਤਮਈਆਂ ਸਭ ਫੋਕੀਆਂ ਹਨ । (੧੨) ਨਾਮ ਜਪਣ ਕਰ ਜਨਮ ਜਨਮ ਦੀ



www.AKJ.Org

ਸਗਲੀ ਮੈਲ ਮਲੀਆ ਮੇਟ ਹੋ ਜਾਂਦੀ ਹੈ । (੧੩) ਅਤੇ ਹਰਿ ਹਰਿ ਹੀਰਾ ਰਤਨ ਜੋਤਿ ਪ੍ਰਕਾਸ਼ ਦੇ ਪਰਤੱਖ ਦਰਸ ਨਿਹਾਰਨੀ ਸਰੂਪ ਵਿਚ ਪਰਾਪਤ ਹੁੰਦਾ ਹੈ । (੧੪) ਜੋਤਿ ਰਸ ਵਿਗਾਸ ਦੀ ਬਿਵਸਥਾ ਪਰਾਪਤ ਹੋ ਜਾਣ ਪਰ ਭੀ ਨਾਮ ਦਾ ਅਜਪਾ ਜਾਪ ਨਹੀਂ ਛੋਡ ਹੁੰਦਾ । (੧੫) ਨਾਮ ਜਪਣ ਕਰ ਹਰੀ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ । (੧੬) ਨਾਮ ਜਪਣ ਕਰ ਕੋਟ ਬੈਕੁੰਠਾਂ ਦੇ ਵਾਸ ਦਾ ਸੁਖ ਪ੍ਰਾਪਤ ਹੁੰਦਾ ਹੈ । (੧੭) ਨਾਮ ਜਪਣ ਕਰ ਸੁਖ, ਸਹਿਜ ਪਦ ਵਿਖੇ ਨਿਵਾਸ ਹੋ ਜਾਂਦਾ ਹੈ । (੧੮) ਨਾਮ ਦੇ ਜਪਣ ਕਰ ਇਹ ਜਨਮ ਮਰਨ ਜਠਰਾਗਨ ਭੈ ਸਾਗਰੀ ਅਗਨੀ ਜਿਸ ਨਾਲ ਸਾਰਾ ਸੰਸਾਰ ਜਲ ਰਿਹਾ ਹੈ, ਨਹੀਂ ਪੋਂਹਦੀ । (੧੯) ਨਾਮ ਦੇ ਜਪਣ ਨਾਲ ਕਾਲ ਨਹੀਂ ਜੋਹ ਸਕਦਾ । (੨੦) ਨਾਮ ਦੇ ਜਪਨ ਨਾਲ ਭਜਨੀਕ ਦਾ ਮੁਖ ਮਾਥਾ ਨੂਰ ਉਜਲਾਰਾ ਹੋ ਜਾਂਦਾ ਹੈ । (੨੧) ਨਾਮ ਜਪਣ ਕਰ ਕਲੇਸ ਆਧ ਬਿਆਧ ਉਪਾਧ ਰੂਪੀ ਸਗਲੇ ਦੁਖਾਂ ਦਾ ਨਾਸ ਹੋ ਜਾਂਦਾ ਹੈ । (੨੨) ਨਾਮ ਜਪਣ ਕਰ ਅਉਖੀ ਘੜੀ ਵਾਲੀਆਂ ਮੁਸ਼ਕਲਾਂ ਭੀੜੀਆਂ ਅਤੇ ਅੜੀਆਂ ਆਫਤਾਂ ਕਦੇ ਸਿਰ ਤੇ ਆ ਨਹੀਂ ਬਣਦੀਆਂ । (੨੩) ਨਾਮ ਦੇ ਜਪਣ ਕਰ ਹੀ ਦਸਮ ਦੁਆਰ ਦੀਆਂ ਅਨਹਦ ਧੁਨੀਆਂ ਸੁਣਾਈ ਦੇਂਦੀਆਂ ਹਨ । (੨੪) ਨਾਮ ਦੇ ਜਪਣ ਕਰ ਇਹ ਸੰਸਾਰਕ ਸੋਇ ਸੋਭਾ ਭੀ ਨਿਰਮਲ ਹੋ ਆਉਂਦੀ ਅਤੇ ਹੋ ਰਹਿੰਦੀ ਹੈ। (੨੫) ਨਾਮ ਜਪਣ ਕਰ ਨਾਭ ਕੰਵਲ ਮੂਧਿਓਂ ਸਿਧਾ ਹੋ ਜਾਂਦਾ ਹੈ 'ਪ੍ਰਕਾਸ਼ ਭਇਆ ਕਉਲ ਖਿਲਿਆ' ਵਾਲੀ ਅਮਰ ਖੀਵੀ ਖੇਡ ਬਣਿ ਆਉਂਦੀ ਹੈ। ਇਹ ਸਾਰੀਆਂ ਬਰਕਤਾਂ ਪਰਦਾਤਨੀ ਸੁਭ ਦ੍ਰਿਸ਼ਟੀ ਉਸ ਸੁਭਾਗੇ ਜੰਤ ਉਪਰ ਹੁੰਦੀ ਹੈ, ਜਿਸ ਦੇ ਹਿਰਦੇ ਅੰਦਰ ਨਾਮ ਮੰਤਰ ਦਾ ਪ੍ਰਵੇਸ਼ ਹੋ ਜਾਂਦਾ ਹੈ ਗੁਰੂ ਕਰਣਾ ਕਰ ਇਹ ਉਪਰ ਲਿਖੀਆਂ ਨਾਮ ਗੁਰਮੰਤ੍ਰ ਦੇ ਜਾਪ ਅਭਿਆਸ ਦੀਆਂ ਅਮੋਘ ਦਾਤਾਂ ਬਰਕਤਾਂ ਹਨ, ਜਿਸ ਨਾਮ ਨੂੰ ਕਿ ਅਸਾਡੇ ਨਵੀਨ ਆਗੂ ਬੇਮਤਲਬੀ ਲਫਜ਼ਾ ਲਫਜ਼ੀ ਦਸਦੇ ਹਨ ! ਅਸਲ ਬਾਤ ਇਹ ਹੈ ਕਿ ਉਹਨਾਂ ਨੂੰ ਨਾਮ ਦੀ ਦਾਤ ਅਜੇ ਤਕ ਪ੍ਰਾਪਤ ਨਹੀਂ ਹੋਈ ! 'ਓਇ ! ਬਪੁੜੇ ਕਿਆ ਕਰੇਨ ਜਾ ਭਾਗ ਧੁਰਿ ਮੰਦੇ' ਨਾਮ ਦੀ ਦਾਤ ਤਾਂ ਕੀ ਪ੍ਰਾਪਤ ਹੋਣੀ ਸੀ, ਉਹਨਾਂ ਗੁਰਬਾਣੀ ਭੀ ਅਜ ਤਾਈਂ ਪੜ੍ਹੀ ਵਿਚਾਰੀ ਨਹੀਂ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦਾ ਪਾਠ ਭੀ ਕਦੇ ਪਰੇਮ ਸਹਿਤ ਨਹੀਂ ਕੀਤਾ ਹੋਣਾ, ਜੇ ਕੀਤਾ ਹੁੰਦਾ ਤਾਂ ਉਹਨਾਂ ਨੂੰ ਨਾਮ ਜਪਣ ਅਤੇ ਨਾਮ ਦੀ ਪਾਰਸ ਕਲਾ ਪ੍ਰਥਾਇ ਕਦੇ ਅਜਿਹੇ ਸੰਦੇਹ ਨਾ ਵਿਆਪਦੇ. ਜੋ ਉਹਨਾਂ ਨੂੰ ਗੁਰਮਤਿ ਤੋਂ ਹੀ


www.AKJ.Org

ਉਕੇ ਗੁਮਰਾਹ ਕਰਦੇ । ਉਹਨਾਂ ਦੇ ਭਾ ਦਾ ਉਪਰ ਦਿਤੇ ਗੁਰ ਪ੍ਰਮਾਣਾਂ ਅੰਦਰ ਦਰਸਾਈ ਨਾਮ ਜਪਣ ਦੀ ਪਾਰਸ ਰਸਾਇਣੀ ਮਹਿਮਾਂ ਐਵੇਂ ਕਲਪਤ ਗੱਲਾਂ ਹੀ ਹਨ । ਉਹਨਾਂ ਨੂੰ ਗੁਰੂ ਕੇ ਸਿਖ ਸਦਾਉਂਦੇ ਹੋਏ ਇਹ ਖਿਆਲ ਕਰਦੇ ਹੋਏ ਰੰਚਕ ਸੋਚ ਨਹੀਂ ਆਉਂਦੀ ਕਿ ਸਰਬੱਗਤਾ ਦੇ ਮਾਲਕ ਸਤਿਗੁਰ ਕਦੇ ਅਲਪੱਗ ਜੀਵਾਂ ਵਾਲੀਆਂ ਮਨ ਕਲਪਤ ਗੱਲਾਂ ਕਰ ਸਕਦੇ ਸਨ । ਗੁਰੂ ਘਰ ਦੇ ਪ੍ਰਗ ਖਲੋਤੇ ਹੋਏ ਅਥਵਾ ਨਾਮ ਕਮਾਈ ਵਾਲੇ ਗੁਰਮੁਖ ਸਿਖ ਸੰਤ ਭਗਤਾਂ ਪ੍ਰਥਾਇ ਗੁਰਵਾਕ ਇਹ ਸਚਾਈ ਨਿਰੂਪਣ ਕਰਾਉਂਦੇ ਹਨ:—

'ਸੰਤਨ ਕੀ ਸੁਣਿ ਸਾਚੀ ਸਾਖੀ ।।
ਸੋ ਬੋਲਹਿ ਜੋ ਪੇਖਹਿ ਆਖੀ ।।'

ਗੁਰਮਤਿ ਨਾਮ ਅਭਿਆਸ ਕਮਾਈ ਦੇ ਕਰਨੀ ਵਾਲੇ ਗੁਰਮੁਖ ਜਨਾਂ ਨੂੰ ਨਾਮ ਦੀ ਪਾਰਸ ਕਲਾ ਸਬੰਧੀ ਜਿਉਂ ਉਹ ਨਾਮ ਕਮਾਈਆਂ ਕਰਦੇ ਹਨ, ਤਿਉਂ ੨ ਉਹਨਾਂ ਨੂੰ ਗੁਝੇ ਭੇਦ ਖੁਲ੍ਹਦੇ ਜਾਂਦੇ ਹਨ, ਜੋ ਉਹ ਪ੍ਰਗਟ ਪਹਾਰੇ ਸਾਂਗੋ ਪਾਂਗ ਦੇਖਦੇ ਹਨ । ਤਨਕ ਮਾਤ੍ਰ ਨਾਮ ਦੀ ਕਮਾਈ ਹੀ ਅਲੌਕਿਕ ਚਮਤਕਾਰ ਪਜੁਲਤ ਕਰਾ ਦਿੰਦੀ ਹੈ । ਪਰ ਨਾਮ ਅਭਿਆਸ ਕਮਾਈ ਦੀ ਰਹਿਤ ਰਹਿਣੀ ਬਵਸਥਾ ਪ੍ਰਾਪਤ ਹੋਣ ਤੋਂ ਪਹਿਲਾਂ ਭੀ ਸ਼ਰਧਾਲੂ ਸਿਖ ਜਗਿਆਸੂਆਂ ਨੂੰ ਸਤਿਗੁਰ ਦੀ ਧੁਰੋਂ ਉਚਾਰੀ ਬਾਣੀ ਉਤੇ ਪੂਰਨ ਸਰਧਾ ਵਿਸ਼ਵਾਸ ਅਤੇ ਭਾਉ ਭਾਵਣੀ ਆਉਣੀ ਅਤ ਲਾਜ਼ਮੀ ਹੈ । ਸਤਿਗੁਰ ਦੀ ਬਾਣੀ ਜੇਕਰ ਕੋਈ ਸਿਖ ਸਤਿ ਸਤਿ ਕਰ ਨਹੀਂ ਮੰਨਦਾ, ਉਸ ਨੂੰ ਗੁਰੂ ਕਾ ਸਿਖ ਸਦਾਵਣ ਦਾ ਹੱਕ ਹੈ ? ਗੁਰਬਾਣੀ ਦੇ ਆਸ਼ੇ ਤੋਂ ਉਲਟ ਗੁਰਮਤਿ ਦੇ ਸਚੇ ਸਿਧਾਂਤ ਤੋਂ ਵਿਰੁਧ ਤਰਕ ਕੁਤਰਕੀ ਢਕੋਂਸਲੇ ਘੜਨੇ ਗੁਰਮਤਿ ਦੀ ਖੁੱਲ੍ਹਮ ਖੁਲ੍ਹੀ ਮੁਖਾਲਫਤ ਕਰਨਾ ਹੈ । ਨਾਮ ਜਪਣ ਪ੍ਰਥਾਇ ਜਿਤਨੇ ਭੀ ਗੁਰਵਾਕ ਹਨ, ਤਿਨ੍ਹਾਂ ਦਾ ਆਸ਼ਾ ਅਤਿਅੰਤ ਸਰਲ ਅਤੇ ਸਪਸ਼ਟ ਹੈ । ਉਸ ਵਿਚ ਰੰਚਕ ਗੁਲਝ ਯਾ ਗੂੜ੍ਹ ਗੁਪਤ ਰਮਜ਼ਨੀ ਰਾਜ਼ ਅਰਥਾਬੰਦੀ ਨਹੀਂ, ਜੋ ਸਮਝ ਵਿਚ ਨਾ ਆਵੇ ਯਾ ਆਮ ਫਹਿਮ ਨਾ ਹੋਵੇ । ਭਲਾ ਦਸੋ:—

'ਬਾਰੰ ਬਾਰ ਬਾਰ ਪ੍ਰਭੁ ਜਪੀਐ ।।
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ।।'

ਇਸ ਗੁਰਵਾਕ ਅੰਦਰਿ ਕਿਹੜਾ ਗੂੜ੍ਹ ਗੁਪਤ ਸਿਧਾਂਤ ਹੈ, ਜਿਹੜਾ ਸਮਝ ਵਿਚ ਨਹੀਂ ਆ ਸਕਦਾ । ਸਪਸ਼ਟ ਹੈ ਕਿ ਇਸ ਗੁਰਵਾਕ



www.AKJ.Org

ਅੰਦਰ ਬਾਰੰਬਰ ਨਾਮ ਜਪਣ ਨੂੰ ਅੰਮ੍ਰਿਤ ਦੇ ਗਟਾਕ ਭੂੰਚਣਾ ਦਰਸਾਇਆ ਹੈ । ਅਸਾਨੂੰ ਗੁਰੂ ਦੇ ਸ਼ਰਧਾਲੂ ਸਿਖ ਹੋਣ ਦੀ ਹੈਸੀਅਤ ਵਿਚ ਸਾਫ ਮੰਨ ਲੈਣਾ ਚਾਹੀਦਾ ਹੈ ਕਿ ਗੁਰੂ ਕੀ ਆਗਿਆ ਹੈ, ਬਾਰੰਬਾਰ ਨਾਮ ਜਪਣ ਦੀ ਅਤੇ ਸਤਿਗੁਰੂ ਸਾਹਿਬ ਦਾ ਇਹ ਕਥਨ ਭੀ ਨਿਰੋਲ ਸਚ ਅਤੇ ਸੋਲਾਂ ਆਨੇ ਸਚ ਹੈ ਕਿ ਨਾਮ ਜਪਣਾ ਅੰਮ੍ਰਿਤ ਦੇ ਘੁਟ ਪੀਣਾ ਹੈ ਅਤੇ ਨਾਮ ਜਪਣ ਕਰ ਅਤੇ ਨਾਮ ਰੂਪੀ ਅੰਮ੍ਰਿਤ ਭੁੰਚਣ ਕਰ ਮਨ ਤਨ ਧ੍ਰਾਪੀਦਾ ਹੈ । ਜਦੋਂ ਤਾਈਂ ਸਾਨੂੰ ਇਹ ਸ਼ਰਧਾ ਭਾਵਨੀ ਗੁਰੂ ਕੇ ਵਾਕਾਂ ਉਪਰ ਨਹੀਂ ਆਵੇਗੀ, ਅਸੀਂ ਨਾਮ ਜਪਣ ਹੀ ਨਹੀਂ ਲਗ ਸਕਦੇ । ਸਰਧਾ ਭਾਵਨੀ ਤਾਂ ਕੀ ਉਪਜਣੀ ਸੀ, ਅਸੀਂ ਉਲਟੀਆਂ ਤਰਕਾਂ ਗੁਰਬਾਣੀ ਦੇ ਸਿਧੇ ਭਾਵਾਂ ਉਤੇ ਕਰਨ ਲਗ ਪੈਂਦੇ ਹਾਂ ਅਤੇ ਐਨ ਇਸ ਆਸ਼ੇ ਦੇ ਉਲਟ ਆਪੋ ਆਪਣੀਆਂ ਹੁਜਤਾਂ ਛੇੜਨ ਲਗ ਪੈਂਦੇ ਹਾਂ । ਆਪਣੀ ਅਲਪੱਗ ਅਕਲੋਂ ਉਪੰਨੇ ਮਸਲੇ ਘੜਨ ਲਗ ਪੈਂਦੇ ਹਾਂ । ਕੋਈ ਗਿਆਨੀ ਉਚਰਦਾ ਹੈ ਕਿ ਬਾਰ ਬਾਰ ਇਕੋ ਲਫਜ਼ ਨੂੰ ਕਹੀ ਜਾਣਾ ਅਤੇ ਬਾਣੀ ਬਿਨਾਂ ਸਮਝੇ ਪੜ੍ਹੀ ਜਾਣਾ ਐਵੇਂ ਬਕਰੀ ਵਾਂਗ ਮੂੰਹ ਮਾਰਨਾ ਹੈ । ਉਨ੍ਹਾਂ ਦੀ ਦਲੀਲ ਬਾਜ਼ੀ ਇਹ ਹੁੰਦੀ ਹੈ ਕਿ ਬਿਨਾਂ ਸਮਝੇ ਬਾਣੀ ਨੂੰ ਪੜ੍ਹਨ ਦਾ ਕੋਈ ਲਾਭ ਨਹੀਂ ਨਾ ਹੀ ਨਾਮ ਜਪਣ ਦਾ ਕੋਈ ਫਲ ਹੈ । ਫਰਜ਼ ਕਰੋ ਕਿ ਬਿਨਾਂ ਸਮਝੇ ਬਾਣੀ ਪੜ੍ਹਨ ਦਾ ਕੋਈ ਲਾਭ ਨਹੀਂ, ਪਰ ਅਸੀਂ ਪੁਛਦੇ ਹਾਂ ਕਿ ਆਪਣੀ ਸਮਝ ਨੂੰ ਬਾਣੀ ਦੇ ਪਿਛੇ ਲਾਉਣਾ ਹੈ ਯਾ ਬਾਣੀ ਨੂੰ ਸਮਝ ਦੇ ਪਿਛੇ ? ਗੁਰਬਾਣੀ ਨੂੰ ਅਸੀਂ ਆਪਣੀ ਸਮਝ ਦੀ ਕਸੌਟੀ ਨਾਲ ਪ੍ਰਖਣਾ ਹੈ ਕਿ ਗੁਰਬਾਣੀ ਦੀ ਰੌਸ਼ਨੀ ਨਾਲ ਹੀ ਸਮਝਣਾ ਹੈ । ਅਸਾਡੀ ਆਪਣੀ ਅਲਪੱਗ ਅਕਲ ਅਤੇ ਸਮਝ ਸਰਬੱਗ ਗੁਰਬਾਣੀ ਦੇ ਉਚ ਆਸ਼ੇ ਦੇ ਮੁਕਾਬਲੇ ਵਿਚ ਤਾਂ ਹੈ ਹੀ ਕੁ ਅਕਲ ਅਤੇ ਕੁ-ਸਮਝ । ਇਸ ਕੁ-ਸਮਝ ਅਤੇ ਅਲੱਪਗਨ ਅਕਲ ਨੇ ਆਪਣੇ ਆਪ ਹੀ ਯਾ ਆਪਣੀ ਰੌਸ਼ਨੀ ਵਿਚ ਸਰਬੱਗ ਪੁਰਸ਼ਾਂ ਤੇ ਤਤਸਾਰ ਆਸ਼ੇ ਨੂੰ ਸਮਝਣ ਦੀ ਹਮਾਕਤ ਕੀਤੀ ਤਾਂ ਹੀ ਤੇ ਘਰ ਘਰ ਬੁਝ ਬੁਝਕੜ ਗਿਆਨੀ ਬਣ ਕੇ ਬੈਠੇ ਹਨ, ਆਪ ਅਉਝੜ ਜਾ ਰਹੇ ਹਨ ਅਤੇ ਲੋਕਾਂ ਨੂੰ ਅਉਝੜ ਪਾ ਰਹੇ ਹਨ । ਆਪਣੀ ਜਾਣੇ ਤਾਂ ਉਹ ਮਹਾ ਉਚ ਖਿਆਲੀਏ ਗਿਆਨੀ ਹਨ । ਅਤੇ ਆਪਣੀ ਇਸ ਮਤ੍ਰਸ ਵਿਚ ਮਤੇ ਹੋਏ ਆਖਦੇ ਹਨ ਕਿ ਇਕ ਬੇ-ਮਾਅਨੇ ਲਫਜ਼ ਨੂੰ ਬਾਰ ਬਾਰ ਰਟੀ ਜਾਣਾ ਕੋਈ ਉੱਚ, ਗਿਆਨ ਵਾਲੀ ਗਲ ਥੋੜੇ ਹੀ ਹੈ । ਸਿਆਣਿਆਂ ਵਾਲੀ ਕੋਝੀ ਕਬੁਧ ਹੈ ਅਤੇ ਕਮਲਿਆਂ ਵਾਲੀ ਕਾਰ ਹੈ। ਸਿਆਣਿਆਂ ਵਾਲੀ ਸਿਆਣਪ ਇਸ ਗੱਲ ਉਤੇ ਯਕੀਨ


www.AKJ.Org

ਹੀ ਨਹੀਂ ਲਿਆਉਂਦੀ ਕਿ ਬਾਰ ਬਾਰ ਨਾਮ ਜਪਣਾ ਹੀ ਅਸਲ ਭਜਨ ਅਤੇ ਤੱਤ ਗਿਆਨ ਹੈ। ਇਸਦਾ ਅਸਲ ਕਾਰਨ ਇਹੋ ਹੈ ਕਿ ਅਸੀਂ ਗੁਰਬਾਣੀ ਨੂੰ ਆਪਣੀ ਅਕਲ ਦੇ ਪਿਛੇ ਲਾਉਂਦੇ ਹਾਂ। ਆਪਣੀ ਅਕਲ ਨੂੰ ਗੁਰਬਾਣੀ ਪਿਛੇ ਨਹੀਂ ਲਾਉਂਦੇ ਜੇ ਲਾਈਏ ਅਤੇ ਲਾਈ ਚਲੀਏ ਤਾਂ ਤੜੱਕ ਨਾਮ ਜਪਣ ਲਗ ਜਾਈਏ। ਜਦ ਬਾਣੀ ਆਖਦੀ ਹੈ ਕਿ 'ਬਾਰ ਬਾਰ ਨਾਮ ਜਪੀਐ' ਤਾਂ ਸਾਫ ਅਤੇ ਸਪਸ਼ਟ ਗੁਰਆਸ਼ੇ ਨੂੰ ਸਮਝਣ ਅਤੇ ਸਮਝ ਕੇ ਕਮਾਉਣ ਵਿਚ ਹੀਲ ਹੁਜਤ ਨਾ ਕਰੀਏ ਪਰ ਅਸੀਂ ਜਾਣ ਬੁਝ ਕੇ ਇਸ ਦੇ ਵਿੰਗ ਤੜਿੰਗੇ ਅਰਥ ਲਾਉਣ ਲਗ ਪੈਂਦੇ ਹਾਂ। ਕੋਈ ਇਸ ਦੇ ਅਰਥ ਨਿਰੀ ਸੋਚ (ਮੈਡੀਟੇਸ਼ਨ) ਹੀ ਲਾਉਂਦਾ ਹੈ। ਕੋਈ ਗੁਰ ਸ਼ਬਦ ਦੇ ਨਿਰੇ ਅਰਥ ਵੀਚਾਰ ਨੂੰ ਹੀ ਨਾਮ ਜਪਣਾ ਸਮਝਦਾ ਹੈ।

ਕੋਈ ਅਕਾਲ ਪੁਰਖ ਦੇ ਗੁਣਾਂ ਨੂੰ ਚਿੰਤਨ ਕਰਨਾ ਹੀ ਨਾਮ ਅਭਿਆਸ ਖਿਆਲ ਕਰੀ ਬੈਠਾ ਹੈ। ਕੋਈ ਆਪਣੇ ਮਨ ਮੰਨੇ ਖਿਆਲਾਂ ਦੀ ਹੀ ਪਰਮਾਤਮਾ ਦੀ ਮੂਰਤੀ ਬਣਾ ਕੇ ਉਸ ਮੂਰਤੀ ਦੇ ਧਿਆਨ ਸ਼ਰਮ ਨੂੰ ਨਾਮ ਅਭਿਆਸ ਕਰਨਾ ਦਸਦਾ ਹੈ। ਕੋਈ ਕੇਵਲ ਕਾਦਰੇ ਕੁਦਰਤ ਦੀ ਹੋਂਦ ਨੂੰ ਅਨਮਾਨ ਕਰਨਾ ਹੀ ਨਾਮ ਜਪਣਾ ਨਿਰਣਾਉਂਦਾ ਹੈ ਅਤੇ ਇਸ ਬਿਧ ਗੁਰਮਤਿ ਨਾਮ ਦੇ ਨਿਰਨੇ ਨੂੰ ਹੀ ਨਾਮ ਜਪਣ ਦੀ ਗੁਪਤ ਫਿਲਾਸਪੀ ਦਸਦਾ ਹੈ। ਕਈ ਮੰਨੇ ਦੰਨੇ ਦਾਨੇ ਪਰਧਾਨੇ ਗਿਆਨੀ ਇਉਂ ਆਪਣਾ ਗਿਆਨ ਨਿਰਖਾਉਂਦੇ ਹਨ ਕਿ ਇੰਦਰੀਆਂ ਦੇ ਉਕਤੀ ਯੁਕਤੀ ਦੁਆਰਾ ਨਿਰੋਧ ਹੋਣ ਪਰ ਜਦੋਂ ਚਿਤ ਬਿਰਤੀ ਦੀ ਇਕਾਗਰਤਾ ਪ੍ਰਾਪਤ ਹੁੰਦੀ ਹੈ, ਓਥੇ ਜਾ ਕੇ ਜੋ ਧੁਨੀ ਸੁਣਾਈ ਦਿੰਦੀ ਹੈ, ਓਹੀ ਅਸਲ ਨਾਮ ਹੈ ਅਤੇ ਓਸੇ ਨਾਮ ਦੇ ਸੁਣਨ ਮੰਨਨ ਪ੍ਰਥਾਇ ਹੀ 'ਸੁਣਿਐ' ਅਤੇ 'ਮੰਨੇ' ਦੀਆਂ ਪਉੜੀਆਂ ਘਟਦੀਆਂ ਹਨ। ਜਿਨ੍ਹਾਂ ਦਾ ਪਾਠ ਕਿ ਸ੍ਰੀ ਜਪਜੀ ਸਾਹਿਬ ਵਿਖੇ ਆਉਂਦਾ ਹੈ। ਏਹ ਉਪਰ ਕਥੇ ਨਾਮ ਦੇ ਸਾਰੇ ਨਿਰਣੇ ਚਪਲ ਬੁਧੀ ਦੀ ਅਰਥ ਚਤਰਾਈਆਂ ਦੇ ਸਿੱਟੇ ਹਨ। ਆਪੋ ਆਪਣੀ ਵਿਦਵਤਾ ਦਿਖਾਉਣ ਦੇ ਵਿੰਗੇ ਟੇਢੇ ਯਤਨ ਹਨ। ਗੁਰਬਾਣੀ ਦੇ ਸਰਲ ਸੁਧ ਅਰਥ ਨੂੰ ਵਿਗਾੜ ਕੇ ਟੇਢ-ਰਵਸ਼ੀ ਵਿਚ ਪੈਣਾ ਅਰਥਾਂ ਦੇ ਅਨਰਥ ਕਰਨਾ ਹੈ। ਆਪ ਧੋਖੇ ਵਿਚ ਪੈਣਾ ਅਤੇ ਹੋਰਨਾਂ ਨੂੰ ਧੋਖੇ ਵਿਚ ਪਾਉਣਾ ਹੈ। ਇਕ ਐਸੇ ਜਨਰਲਲਿਸਟ ਆਪਣਾ ਆਰਟੀਕਲ 'ਨਾਮ ਬਾਣੀ' ਪ੍ਰਥਾਇ ਲਿਖਦੇ ਲਿਖਦੇ ਇਉਂ ਲਿਖਦੇ ਹਨ :—

'ਬਾਣੀ ਪੜ੍ਹਨਾ ਅਥਵਾ ਵਾਹਿਗੁਰੂ ਵਾਹਿਗੁਰੂ ਕਹਿਣਾ ਭਜਨ ਦੀਆਂ



www.AKJ.Org

ਬਾਹਰਲੀਆਂ ਸ਼ਕਲਾਂ ਹਨ । ਅਸਲ ਭਜਨ ਤਾਂ ਪ੍ਰਮਾਤਮਾਂ ਦੇ ਪ੍ਰੇਮ, ਪ੍ਰਮਾਤਮਾ ਦੀ ਬੇਅੰਤਤਾ ਤੇ ਪ੍ਰਮਾਤਮਾ ਦੀ ਅਸਚਰਜਤਾ ਵਿਚ ਲੀਨ ਹੋਣਾ ਹੈ'' ਜਿਸ ਦਾ ਸਪਸ਼ਟ ਭਾਵ ਏਹ ਹੈ ਕਿ ਬਾਣੀ ਪੜ੍ਹਨਾ ਅਥਵਾ ਵਾਹਿਗੁਰੂ ਵਾਹਿਗੁਰੂ ਕਹਿਣਾ ਅਸਲ ਭਜਨ ਨਹੀਂ, ਜਿਸਨੂੰ ਅਸਾਡੇ ਅਨੂਠੇ ਜਰਨਲਿਸਟ ਜੀ ਅਸਲ ਭਜਨ ਆਖਦੇ ਹਨ, ਉਹ ਤਾਂ ਭਜਨੀਕ ਦੀ ਆਤਮ ਬਿਵਸਥਾ ਹੈ ਨਾ ਕਿ ਭਜਨ । ਪ੍ਰਮਾਤਮਾ ਦੀ ਅਸਚਰਜਤਾ ਵਿਚ ਲੀਨ ਹੋਣਾ ਇਹ ਤਾਂ ਇਕ ਆਤਮ ਬਿਵਸਥਾ ਹੈ ਨਾ ਕਿ ਭਜਨ । ਤਾਂ ਦਸੋ ਭਜਨ ਕਿਹੜਾ ਰਹਿ ਗਿਆ ? ਬਾਣੀ ਪੜ੍ਹਨਾ ਯਾ ਵਾਹਿਗੁਰੂ ਆਖਣਾ ਤਾਂ ਜਰਨਲਿਸਟ ਜੀ ਦੇ ਭਾਣੇ ਅਸਲ ਭਜਨ ਨਹੀਂ । ਕੀ ਅਸਾਡੇ ਆਤਮ ਅਵਸਥਾ ਨੂੰ ਭਜਨ ਦਸਣ ਵਾਲੇ ਭਜਨੀਕ ਜੀ ਉਸ ਬਿਵਸਥਾ ਵਿਚ ਆਪੇ ਹੀ ਲੀਨ ਹੋ ਜਾਣਗੇ ਯਾ ਕਾਦਰ ਦੀ ਕੁਦਰਤ ਦਾ ਬਹਿਹੰਗ ਨਜ਼ਾਰਾ ਦੇਖ ਕੇ ਹੀ ਉਸ ਦੀ ਬੇਅੰਤਤਾ ਤੇ ਅਸਚਰਤਾ ਵਿਚ ਲੀਨ ਹੋ ਜਾਣਗੇ । ਇਸ ਹਾਲਤ ਵਿਚ ਭੀ ਅਸਾਡੇ ਲੀਨਤਾ ਦੇ ਅਨੁਮਾਨ ਵੇਤਾ ਜੀ ਨੂੰ ਉਹਨਾਂ ਬਿਵਸਥਾਵਾਂ ਵਿਚ ਲੀਨ ਹੋਣ ਲਈ ਬਾਹਰਲੀਆਂ ਸ਼ਕਲਾਂ ਇਖਤਿਆਰ ਕਰਨੀਆਂ ਪੈਣਗੀਆਂ । ਅਸਲ ਭਜਨ ਤਾਂ ਫੇਰ ਭੀ ਕਿਨਾਰੇ ਹੀ ਰਹਿ ਗਿਆ । ਲੀਨਤਾ ਵਾਲੀ ਬਿਵਸਥਾ ਨੂੰ ਪ੍ਰਾਪਤ ਹੋਣ ਦਾ ਕੋਈ ਤਤ ਸਾਧਨ ਹੋਣਾ ਚਾਹੀਦਾ ਹੈ ਨਾ ਕਿ ਗੱਲੀਂ ਬਾਤੀਂ ਲਿਵਲੀਨਤਾ ਪ੍ਰਾਪਤ ਕਰ ਲੈਣੀ । ਕੇਸੀ ਮੁਗਾਲਤੇ ਵਿਚ ਪੈਣ ਅਤੇ ਪਾਉਣ ਵਾਲੀ ਟੇਢ ਫਿਲਾਸਫੀ ਹੈ । ਅਸਾਡੇ ਟੇਢ ਰਵਸ਼ੀਏ ਲਾਜੀਸ਼ੀਅਨ ਜੀ ਫਿਰ ਇਸ ਬਿਧ ਉਚਰਦੇ ਹਨ :—

'ਕੇਵਲ ਵਾਹਿਗੁਰੂ ੨ ਕਹਿਣਾ ਭਜਨ ਨਹੀਂ, ਸਗੋਂ ਨਾਲ ਹੀ ਉਸ ਦੀ ਕੁਦਰਤ ਤੇ ਕਾਦਰ ਦੇ ਗੁਣਾਂ ਦੇ ਹੁਲਾਰੇ ਵਿਜ ਉਡਣਾ ਭਜਨ ਹੈ ।''

ਇਥੇ ਫੇਰ ਟੇਢੀ ਥੀਉਰੀ ਵਾਲਾ ਮੁਗਾਲਤਾ ਹੈ । ਕੁਦਰਤ ਅਤੇ ਕਾਦਰ ਦੇ ਗੁਣਾਂ ਦਾ ਹੁਲਾਰੇ ਵਿਚ ਉਡਣਾ ਮਨ ਦੀ ਨਿਰੀ ਅਨੁਮਾਨਕ ਅਵਸਥਾ ਹੈ ਨਾ ਕਿ ਭਜਨਗਲ ਕੀ ਅਜ ਕਲ ਭਜਨ ਦੀਆਂ ਇਸ ਬਿਧ ਮਨ ਮੰਨੀਐ ਡੈਫੀਨੀਸ਼ਨਾਂ (ਲੱਛਣ ਤੇ ਤਾਰੀਫਾਂ) ਹੋ ਰਹੀਆਂ ਹਨ । ਗੁਰਮਤਿ ਦਰਸਾਏ ਗੁਰਬਾਣੀ ਬੁਝਾਏ ਭਜਨ ਨੂੰ ਤਿਲਾਂਜਲੀ ਦਿਤੀ ਜਾ ਰਹੀ ਹੈ । ਅਗੇ ਜਾ ਕੇ ਓਹੀ ਟੇਢ ਰਵਸ਼ੀਏ ਮੰਤਕੀ ਜੀ ਇਹ ਨਵਾਂ ਮਨਤਕ ਛਟਾਂਦੇ ਹਨ :—

 www.AKJ.Org

"...ਜਿਸ ਦੇ ਦਿਲ ਵਿਚ ਪਰੇਮ ਤੇ ਸ਼ਰਧਾ ਹੈ ਉਹ ਭਾਵੇਂ ਕਿਸੇ ਗੁਣ ਵਾਲੇ ਨਾਮ ਦਾ ਹੀ ਜਾਪ ਕਰੇ, ਉਸਦੇ ਮਨ ਵਿਚਿ ਹਰਿ ਇਕ ਪ੍ਰਮਾਤਮਾ ਦੇ ਗੁਣ ਦੇ ਉਛਾਲੇ ਵਜਨਗੇ। ਇਹ ਗੁਣ ਉਸਨੇ ਕੋਈ ਉਸ ਲਫ਼ਜ ਵਿਚੋਂ ਤਾਂ ਨਹੀਂ ਕਢਣੇ, ਸਗੋਂ ਆਪਣੇ ਪਰੇਮ ਵਿਚੋਂ ਕਢਣੇ ਹਨ।"

ਇਥੇ ਸਾਡੇ ਮਨਤਕੀ ਜੀ ਬਾਹਯ ਮੁਖੀ ਅਰਥਾਤ ਨਿਜ਼-ਕਥੇ ਲਫਜ਼ੀ ਨਾਮ ਤੋਂ ਮੁਨਕਰ ਹੋ ਗਏ। ਨਿਰੇ ਪਰੇਮ ਅਤੇ ਸ਼ਰਧਾ ਉਤੇ ਹੀ ਸ਼ਕਾਰ ਜਾ ਹੋਏ, ਪਰ ਅਸੀਂ ਫੇਰ ਪੁਛਦੇ ਹਾਂ ਕਿ ਇਹ ਸ਼ਰਧਾ ਅਤੇ ਪਰੇਮ ਆਪੇ ਹੀ ਕਿਵੇਂ ਉਪਜ ਆਉਣਗੇ ਅਤੇ ਉਹ ਸ਼ਰਧਾ ਤੇ ਪ੍ਰੇਮ ਹੀ ਕੀ ਹੋਏ ਜਿਸਦੇ ਕਾਰਨ ਪਰੇਮੀ ਅਤੇ ਸ਼ਰਧਾਲੂ ਜਨ ਭਾਵੇਂ ਕਿਸੇ ਹੀ ਗੁਣ ਵਾਲੇ ਨਾਮ ਦਾ ਜਾਪ ਜਪਦੇ ਫਿਰਨ। ਐਸੀ ਸ਼ਰਧਾ ਹੀ ਠਹਿਚੀਲੀ ਹੋਈ ਸ਼ਰਧਾ ਹੈ। ਐਸਾ ਪਰੇਮ ਹੀ ਉਝੜ ਭਰਮੀਆਂ ਪਰੇਮ ਹੈ, ਜਿਸਦੀ ਟੇਕ ਇਕ ਨਾਮ ਨੀਸਾਨ ਉਤੇ ਨਹੀਂ ਟਿਕੀ। ਨਾਮ ਦੀ ਟੇਕ ਬਿਹੂਣ ਆਪ ਹੁਦਰਾ ਸ਼ਰਧਾ ਪਰੇਮ ਉਪਜਣਾ ਇਕ ਅਣਹੋਣੀ ਗਲ ਹੈ ਯਥਾ ਗੁਰਵਾਕ :—

"ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭ ਕੋਇ ॥ ਏਹ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ।"

ਇਹ ਖਸਮ ਕਾ ਪਰੇਮ ਪਿਆਲਾ ਨਾਮ ਦਾ ਪਿਆਲਾ ਹੈ, ਸੋ ਨਾਮ ਦਾ ਪਿਆਲਾ ਉਸ ਨੂੰ ਮਿਲਦਾ ਹੈ. ਜੋ ਖਸਮ ਨੂੰ ਭਾਉਂਦਾ ਹੈ। ਖਸਮ ਨੂੰ ਸੋਈ ਜਨ ਭਾਉਂਦਾ ਹੈ ਜੋ ਖਸਮ ਦੇ ਭਾਣੇ ਅੰਦਿਰ ਚਲੇ ਅਤੇ ਜੋ ਜਨ ਗੁਰੂ ਕਰਤਾਰ ਦੇ ਭਾਣੇ ਅੰਦਰ ਚਲਦੇ ਹਨ ਸੋਈ ਗੁਰੂ ਕੇ ਸਚੇ ਸਿਖ ਹਨ।ਜਥਾ ਗੁ:—'ਸੋ ਸਿਖੁ ਸਿਖਾ ਬੰਧਪੁ ਹੈ ਭਾਈ ਜੋ ਗੁਰ ਕੇ ਭਾਣੇ ਵਿਚ ਆਵੈ ॥ ਆਪਣੈ ਭਾਣੈ ਜੋ ਚਲੈ ਸੋ ਵਿਛੁੜਿ ਚੋਟਾ ਖਾਵੈ।'

ਗੁਰੂ ਕੇ ਭਾਣੇ ਸਚੀ ਆਗਿਆ ਮੰਨਦੇ ਹੋਏ ਜਿਨ੍ਹਾਂ ਨੇ ਸੀਸ ਤਲੀ ਤੇ ਰਖ ਕੇ ਗੁਰਸਿਖੀ ਕਬੂਲੀ (ਧਾਰਨ ਕੀਤੀ) ਹੈ ਤਿੰਨਾਂ ਨੂੰ ਨਾਮ ਰੂਪੀ ਪਰੇਮ ਪਿਆਲੇ ਦੀ ਬਖਸ਼ਸ਼ ਹੁੰਦੀ ਹੈ। ਐਵੇਂ ਨਹੀਂ ਅਤੇ ਇਸ ਪਾਰਸ ਰਸਾਇਣੀ ਨਾਮ ਰੂਪੀ ਦਾਤ ਇਲਾਹੀ ਨੂੰ ਗੁਰੂਦੁਆਰਿਓਂ (ਸਿਰੀ ਗੁਰੂ ਗਰੰਥ ਸਾਹਿਬ ਜੀ ਸਚੇ ਗੁਰਦੇਵ ਦੇ ਚਾਬਿਆ ਪੰਚ ਪਰਵਾਨ ਗੁਰਮੁਖ ਸਿੰਘਾਂ ਪਿਆਰਿਆਂ ਦੀ ਰਾਹੀਂ ਅੰਮ੍ਰਿਤ ਖੰਡੇ ਦਾ ਛਕ ਕੇ ਅਤੇ ਨਾਮ ਗੁਰਮੰਤਰ ਦੇ ਪਾਤਰ ਹੋ ਕੇ) ਪ੍ਰਾਪਤ ਕਰੀਦਾ ਹੈ।

ਏਹੋ ਨਦਰ ਨਿਹਾਲ ਗੁਰੂ ਅਕਾਲ ਦੀ ਕਿਰਪਾ ਹੈ, ਏਹੋ ਨਦਰ


www.AKJ.Org

ਦੀ ਮਿਹਰ ਹੈ। ਜੋ ਗੁਰੂ ਦੁਆਰੇ ਹੋਇ ਕੇ ਸਾਹਿਬ ਨੂੰ ਸੰਭਾਲਣ ਲਈ ਪੰਜਾਂ ਪਿਆਰਿਆਂ ਅਗੇ ਪਾਤਰ ਅਧਿਕਾਰੀ ਹੋ ਕੇ ਹਾਜ਼ਰ ਹੁੰਦੇ ਹਨ, ਉਹਨਾਂ ਹਾਜ਼ਰ ਹਜ਼ੂਰ ਬੰਦਿਆਂ ਉਤੇ ਨਦਰ ਮਿਹਰ ਹੁੰਦੀ ਹੈ। ਪਰ ਕਰੰਮੀਏ ਬੰਦੇ ਕੇਵਲ ਕਿਰਪਾ ਉਤੇ ਸ਼ਾਕਰ ਰਹਿ ਕੇ ਨਾਮ ਅਭਿਆਸ ਕਮਾਈਆਂ ਛਡ ਨਹੀਂ ਬਹਿੰਦੇ। ਬਹੁਤ ਸਾਰੇ ਨਾਮ ਨਿਖੱਟੂ ਮਚੱਲ ਹੋ ਨਾਮ ਤੋਂ ਗੁਮਰੱਠ ਹੋ ਜਾਂਦੇ ਹਨ। ਨਾਮ ਤਾਂ ਉਹ ਜਪ ਨਹੀਂ ਸਕਦੇ। ਨਾ ਜਪਨ ਦੀ ਸਾਹਸ ਖੁਆਹਸ਼ ਹੀ ਹੁੰਦੀ ਹੈ ਤੇ ਬਹਾਨੇ ਲਾਉਂਦੇ ਹਨ ਇਸ ਪ੍ਰਕਾਰ ਕਿ ਜਦੋਂ ਗੁਰੂ ਦੀ ਕਿਰਪਾ ਹੋਵੇਗੀ ਉਦੋਂ ਨਾਮ ਜਪਾਂਗੇ, ਭਾਈ ਕਿਰਪਾ ਆਪਣੇ ਹੁਕਮੀ ਬੰਦੇ ਸਿੰਘ ਤੇ ਹੋਵੇਗੀ। ਪਹਿਲਾਂ ਹੁਕਮੀ ਬੰਦਾ ਹੋਣਾ ਸਿਖ ਦਾ ਫਰਜ਼ ਹੈ ਪਿਛੋਂ ਉਸਦੀ ਨਦਰ ਮਿਹਰ ਦਾ ਪਾਤਰ ਓਹ ਆਪੇ ਹੀ ਬਣ ਜਾਂਦਾ ਹੈ। ਸਤਿਗੁਰੂ ਦਾ ਹੁਕਮ ਕਮਾਉਣ ਹਾਰੇ ਸਿਖ ਸੇਵਕ ਅੰਦਰ ਹਉਮੈਂ ਦਾ ਲੇਸ ਨਹੀਂ ਲਗਦਾ। ਓਹ ਤਾਂ ਸਤਿਗੁਰੂ ਦਾ ਹੁਕਮ ਕਮਾਉਣਾ ਆਪਣਾ ਸੁਭਾਗ ਸਮਝਦਾ ਹੈ। ਸਤਿਗੁਰੂ ਸਚੇ ਗੁਰਦੇਵ ਸਿਰੀ ਗੁਰੂ ਗਰੰਥ ਸਾਹਿਬ ਜੀ ਦਾ ਜਦੋਂ ਹੁਕਮ ਲਵੋ ਓਹ ਏਹੀ ਹੁਕਮ ਦਿੰਦੇ ਹਨ, ਨਾਮ ਜਪਹੁ, ਨਾਮ ਅਭਿਆਸ ਕਮਾਈ ਕਰਹੁ। ਸਭ ਧੰਧ ਬੰਧ ਤੋਂ ਮੁਖ ਅਤੇ ਸਚੀ ਕਾਰ ਕਮਾਵਨੀ ਨਾਮ ਰੂਪੀ ਸੁਕ੍ਰਿਤ ਕਰਨੀ ਹੈ। ਜੋ ਜਨ ਕਮਾ-ਈਆਂ ਵਾਲੀ ਸੁਕ੍ਰਿਤ ਕਰਨੀ ਰੂਪੀ ਕਾਰ ਕਮਾਵਨ ਲਗ ਗਿਆ ਉਹ ਗੁਰੂ ਦਾ ਸਭ ਤੋਂ ਸਰੇਸ਼ਟ ਹੁਕਮੀ ਬੰਦਾ ਸਿੰਘ ਸੁਜਾਨ ਹੈ। ਉਸ ਦੇ ਉਪਰ ਗੁਰੂ ਦੀ ਕਿਰਪਾ ਹੋ ਗਈ ਅਤੇ ਹੋਰ ਭੀ ਹੋਵੇਗੀ ਅਤੇ ਦਿਨੋ ਦਿਨ ਖਿਨੋ ਖਿਨ ਹੁੰਦੀ ਰਹੇਗੀ। ਨਾਮ ਨਖੱਟੂ ਗੁਰੂ ਹੁਕਮ ਅਦੂਲ ਮਨਮੁਖੀ ਨਿਗੁਰੇ ਨਿਗੋਸਾਏ ਮਾਣੂਆਂ ਉਪਰ ਕੇਹੀ ਕਿਰਪਾ? ਉਹ ਕਦਾਚਿਤ ਇਹ ਆਸ ਨਾ ਰਖਣ ਕਿ ਅਨਾਚੇਤ ਕਿਰਪਾ ਹੋ ਜਾਵੇਗੀ। ਜੇ ਕਰ ਸ਼ਾਜ਼ੋ ਨਾਦਰ ਕਿਸੇ ਖਾਸ ਉਤੇ ਇਹ ਅਨਾਚੇਤ ਕਿਰਪਾ ਹੋ ਭੀ ਗਈ ਹੋਵੇ ਤਾਂ ਇਹ ਸਮਝੋ ਕਿ ਇਹ ਉਸਦੇ ਪੂਰਬਲੇ ਜਨਮ ਦੇ ਕਰਮਾਂ ਦਾ ਅੰਕੂਰ ਫਲ ਉਸਨੂੰ ਮਿਲਿਆ ਹੈ। ਨਦਰ ਕਰਮ ਦਾ ਓਤ ਪੋਤ ਇਤਹਾਦੀ ਧਰਮ ਹੈ, ਜੋ ਅਵਸ਼ ਆਪਣਾ ਫਲ ਦਿਖਾਵੇ ਗਾ। ਏਹ ਜੋ ਕਹਿੰਦੇ ਹਨ ਨਾਮ ਦੀਆਂ ਕਮਾਈਆਂ ਕੀਤੇ ਬਿਨਾਂ ਕੇਵਲ ਕਿਰਪਾ ਦੁਆਰਾ ਹੀ ਅਕਾਲ ਪੁਰਖ ਦੀ ਪ੍ਰਾਪਤੀ ਹੋ ਜਾਵੇਗੀ ਕਿਰਪਾ ਪਾਤਰ ਨੂੰ ਨਾਮ ਜਪਣ ਦੀ ਲੋੜ ਨਹੀਂ, ਏਹ ਓਹਨਾਂ ਦਾ ਬਿਲਕੁਲ ਲਗਵ ਖਿਆਲ ਅਤੇ ਮਨਮਤਿ ਭਰਿਆ ਫੋਕਾ ਢਕੋਂਸਲਾ ਹੈ ਗੁਰਵਾਕ ਹੈ :—


www.AKJ.Org

"ਜਾਕਉ ਆਪਣੀ ਕਿਰਪਾ ਧਾਰੈ ॥
ਸੋ ਜਨੁ ਰਸਨਾ ਨਾਮੁ ਉਚਾਰੈ ॥"

ਰਸਨਾ ਦੁਆਰਾ ਨਾਮ ਉਚਾਰਨ ਦੀ ਕਮਾਈ ਕਿਰਪਾ ਪਾਤਰ ਸਿਖ ਸੇਵਕ ਦੀ ਹਰ ਛਿਨ ਅਤੇ ਹਰ ਸਮੇਂ ਬਣੀ ਰਹੇਗੀ । ਉਹ ਮਿੱਟੀ ਦਾ ਮਟੁੰਨ ਹੋ ਕੇ ਕਦੇ ਭੀ ਨਹੀਂ ਬੈਠੇਗਾ ।

(ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

## ਸਾਲਾਨਾ ਸਮਾਗਮ ਪਟਿਆਲਾ

ਅਗੇ ਦੀ ਤਰ੍ਹਾਂ ਐਤਕੀ ਵੀ ਪਟਿਆਲੇ ਵਿਖੇ ਸਲਾਨਾ ਸਮਾਗਮ ੨੬ ਤੇ ੨੭ ਫਰਵਰੀ ਨੂੰ ਮਨਾਇਆ ਜਾ ਰਿਹਾ ਹੈ । ਰੈਣ ਸਬਾਈ ੨੭-੨੮ ਦੀ ਰਾਤ ਨੂੰ ਹੋਏਗਾ । ਪਟਿਆਲੇ ਦੀ ਸੰਗਤ ਵਲੋਂ ਸਾਰੇ ਸ਼ਹਿਰਾਂ ਪਿੰਡਾਂ ਦੀਆਂ ਸੰਗਤਾਂ ਅਗੇ ਬੇਨਤੀ ਹੈ ਕਿ ਸਮਾਗਮ ਤੇ ਦਰਸ਼ਨ ਦੇਣ ਤੇ ਕੀਰਤਨ ਦੇ ਰੰਗ ਮਾਨਣ । ਸਮਾਗਮ ਸਿੰਘ ਸਭਾ ਗੁਰਦੁਆਰੇ ਵਿਖੇ ਹੋਏਗਾ । ਏਹ ਗੁਰਦੁਆਰਾ ਮਾਲ ਰੋਡ ਉਤੇ ਹੈ ।


www.AKJ.Org

# ਪ੍ਰਗਟੇ ਗੁਪਾਲ ਗੋਬਿੰਦ ਲਾਲਨ

(ਵਲੋਂ : ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਆਇਆ ਹਲੋਰਾ ਰਸ ਝਕੋਰਾ ਪ੍ਰੇਮ ਕਾਗਾਂ ਉੱਠੀਆਂ ।
ਅਰਸ਼ੋਂ ਅਗੰਮੀ ਥਰਥਰੰਮੀ ਨੂਰ ਕਿਰਨਾਂ ਵੁੱਠੀਆਂ ।੧।

ਆਂਗਣਿ ਅਗੰਮੋ ਵੁਠੜੀ ਰਸ ਜੋਤਿ ਦਾਮਨ ਚਾਂਦਨੀ ।
ਨਭਿ ਨਾਭਿ ਇਕ ਰਸ ਤਾਰ ਉਠੀ ਨਾਦ ਧੁਨ ਬਿਸਮਾਦਨੀ ।੨।

ਸੁਨਿ ਸ਼ਬਦ ਚਾਤ੍ਰਿਕ ਬਿਸਮਨਾਦ੍ਰਿਕ ਉਘਰ ਗਈਆਂ ਅਖੀਆਂ ।
ਖੁਲੀ ਸਮਾਧ ਅਗਾਧ ਤਾੜੀ ਅਮੀ ਮਾਖਿਉ ਚੱਖੀਆਂ ।੩।

ਜਾਂ ਨੀਝ ਲਾਂਈ ਜਾਂਚਿ ਡਿਠਾ ਜੋਤਿ ਬੁੱਕਾ ਜਗਮਗੀ ।
ਜੋਤਿ ਸੋਮਾ ਜੋਤਿ ਚਸ਼ਮਾ ਜੋਤਿ ਮੰਬਾਅ ਕਿਰਨਗੀ ।੪।

ਇਸ ਜੋਤਿ ਬੁਕਿਓਂ ਜੋਤਿ ਜਗਨੀ ਕੋਟ ਕਿਰਨਾਂ ਪਸਰੀਆਂ ।
ਇਕ ੨ ਕਿਰਨ ਤੋਂ ਦਗਨਿ ਦਮਕਾਂ ਕੋਟ ਸੂਰਜ ਸਸਰੀਆਂ ।੫।

ਸਸ ਭਾਨ ਕੋਟ ਕੋਟਾਨ ਜੋਤਿ ਜਗਾਨ ਇਸ ਦਿਬ ਜੋਤੀਉਂ ।
ਦਿਬ ਜੋਤਿ ਜੋਤੀ ਓਤ ਪੋਤੀ ਹੋਰ ਜੋਤਿ ਉਦੋਤੀਉ ।੬।

ਨੂਰ ਮਣੀਅਤ ਜੋਤਿ ਜੜੀਅਤਿ ਜਿਗਾ ਕਲਗੀ ਕ੍ਰਿਸ਼ਮਣੀ ।
ਚਕਰ ਸੁਦਰਸ਼ਨ ਜਗਮਗਾਵੇ ਕ੍ਰਿਸ਼ਮ ਕੁੰਡਲ ਸਿਸਮਣੀ ।੭।

ਸੀਸ ਚੱਕਰ ਕੁੰਡਲੀਆ ਮਣਿ ਜੋਤ ਜੜਤ ਦਮਾਲੜਾ ।
ਮੁਖ ਨੂਰ ਨੂਰੀ ਸੀਸ ਠਰੂਰੀ ਭਾਲ ਲਾਲ ਗੁਲਾਲੜਾ ।੮।

ਲਬ ਲਾਲ ਮਣੀਏਂ ਨੂਰ ਕਣੀਏਂ ਬਿਜਲ ਦੰਤ ਰੀਸਾਲੜੇ ।
ਕੰਚਨ ਕਪੋਲ ਅਮੋਲ ਨੂਰੀ ਜੋਤਿ ਨਗ ਜਲਵਾਲੜੇ ।੯।



www.AKJ.Org

ਲੋਇਣ ਲਸਕਨਿ ਅਮੀਆਲੜੇ ਰਸ-ਜੋਤਿ ਪਰੇਮ ਪਿਆਲੜੇ।
ਕੈ ਖੜਗ ਜੋਤਿ ਜਲਾਲੜੇ ਕੈ ਤੀਰ ਖਗ ਅਣੀਆਲੜੇ ।੧੦।
ਸੁਖ ਦਰਸ ਦਾਤਿ ਅਨਦੋਈਆਂ ਅਜ ਨਦਰ ਮੇਹਰਾਂ ਹੋਈਆਂ ।
ਦਸਮੇਸ਼ ਸਿਰੀ ਕਲਗੇਸ਼ ਜੋਤਾਂ ਦਿਬ ਦੀਦਿ ਅਲੋਈਆਂ ।੧੧।
"ਸਫਲਾ ਸੁ ਦਿਨ ਰੈਨ ਸੁਹਾਵੀ ਅੰਨਦ ਮੰਗਲ ਰਸ ਘਨਾ"
"ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਣ ਰਸਨਾ ਗੁਣ ਭਨਾ"
(ਪੋਹ ਸੁਦੀ ਸਪਤਮੀ, ਸ਼ਨੀਵਾਰ ੨੩ ਦਸੰਬਰ ੧੯੬੮)

---

# ਸੂਚਨਾ

ਜਿਨ੍ਹਾਂ ਸਜਣਾ ਦੇ ਚੰਦੇ ਮੁਕ ਚੁਕੇ ਹਨ ਉਨ੍ਹਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸ਼ੀਘਰ ਹੀ ਚੰਦੇ ਭੇਜਣ । ਸੂਰੇ ਦਾ ਨਵਾਂ ਸਰਨਾਵਾਂ ਇਸ ਪ੍ਰਕਾਰ ਹੈ :—

ਮੈਨੇਜਰ ਸੂਚਾ ੩੦੫-੨, ਮਾਡਲ ਟਾਊਨ ਜਲੰਧਰ ।



www.AKJ.Org

# ਇਕ ਰੂਹ ਦੀ ਅਕਾਲ ਪੁਰਖ ਦੇ ਚਰਨਾਂ ਵਿਚ ਪੁਕਾਰ

ਦਯ ਗੁਸਾਈਂ ਜੀਓ,

ਆਉ ਚਿਰਾਂ ਤੋਂ ਵਿਛੜੇ ਹੋਏ ਸਜਣ ਜੀ ! ਬਲਿਹਾਰ ਜਾਵਾਂ ਤੁਹਾਥੋਂ ਨਿਮਖ ਨਿਮਖ ਬਲਿਹਾਰ ਜੀ ! ਬੈਠੋ ਜੀ । ਸੁਣੋ ਕੁਝ ਦੁਖੀਏ ਦੀਆਂ ਗਲਾਂ :—

ਸੁੰਦਰ ਸੁਆਦਲੇ ਪਦਾਰਥ ਤਾਂ ਕਈ ਪਰਕਾਰ ਦੇ ਹਨ ਪਰ ਆਪ ਜੀ ਦੀ ਕਿਰਪਾ ਨਾਲ ਉਨ੍ਹਾਂ ਵਲ ਰੁਚੀ ਘਟ ਹੀ ਜਾਂਦੀ ਏ । ਬਜ਼ਾਰਾਂ ਵਿਚ ਸਜੀਆਂ ਵਨਸੁਵੰਨੀਆਂ ਚੀਜ਼ਾਂ ਵੇਖਣ ਨੂੰ ਚਿਤ ਨਹੀਂ ਕਰਦਾ। ਲੋਕਾਂ ਦੀ ਭੀੜ ਵੇਖ ਕੇ ਮਨ ਘਬਰਾ ਜਾਂਦਾ ਏ, ਕਾਹਲੀ ਕਾਹਲੀ ਭਜਣ ਦਾ ਯਤਨ ਕਰਦਾ ਏ । ਮਾਇਆ ਦੇ ਝਲਕਾਰੇ ਆਪਣਾ ਪ੍ਰਭਾਵ ਪਾਉਣ ਤੋਂ ਸੰਕੋਚ ਕਰਦੇ ਹਨ । ਸਰੀਰਕ ਸਤਾ ਘਟ ਰਹੀ ਏ । ਇਉਂ ਪਰਤੀਤ ਹੁੰਦਾ ਏ, ਜਿਵੇਂ ਇਹ ਲੋਥ ਹੀ ਏ । ਤੁਸੀਂ ਜਦੋਂ ਆਪਣਾ ਬਲ ਭਰ ਦੇਂਦੇ ਹੋ ਫਿਰ ਕਿਸੇ ਨੂੰ ਅਖਾਂ ਤਲੇ ਨਹੀਂ ਲਿਆਉਂਦੀ । ਸਭ ਕੁਝ ਹਿਰਦੇ ਅੰਦਰ ਮੰਨਦੇ ਹੋਇਆਂ ਵੀ ਬਾਹਰ ਇਕਾਂਤ-ਮਈ ਜੀਵਨ ਬਤੀਤ ਕਰਨ ਦੀ ਤੀਬਰ ਇਛਾ ਵਧਦੀ ਜਾ ਰਹੀ ਏ । ਜਦੋਂ ਸਿਮਰਨ ਦਾ ਰਸ ਬਖਸ਼ਦੇ ਹੋ, ਚਿਤ ਇਕ ਲਿਵਲੀਨਤਾ ਸਮਾਧ ਸਥਿਤੀ ਲੋੜਦਾ ਏ, ਪਰ ਤੁਸੀਂ ਆਪਣੀ ਮਾਇਆ ਦਾ ਖਿਲਾਰਾ ਦਰਸਾ ਕੇ ਦਸਦੇ ਹੋ ਕਿ...'ਮੈਂ ਇਹਨਾਂ ਵਿਚ ਵੀ ਹਾਂ ਮੈਂ ਉਹਨਾਂ ਵਿਚ ਵੀ ਹਾਂ ਦੋਹਾਂ ਵਿਚ ਹੁੰਦਾ ਹੋਇਆ ਬਾਹਰ ਵੀ ਹਾਂ ।''

ਮੇਰੇ ਆਪ ਜੀ ਦੀ ਇਹ ਲੀਲਾ ਲਖੀ ਨਹੀਂ ਜਾ ਸਕਦੀ ।

'ਆਪੇ ਪਾਸੋਂ ਸੂਖਮ ਆਪੇ ਅਸਥੂਲਾ ॥ ਲਖੀ ਨ ਜਾਈ ਨਾਨਕ ਲੀਲਾ ॥'

ਕਿਸੇ ਕੰਮ ਕਰਨ ਨੂੰ ਚਿਤ ਨਹੀਂ ਕਰਦਾ, ਨਾ ਬੋਲਣ ਨੂੰ, ਨਾ ਪੜ੍ਹਨ ਨੂੰ ਨਾ ਲਿਖਣ ਨੂੰ । ਨਾ ਹਸਦਾ ਏ, ਨਾ ਰੋਂਦਾ ਏ ਚਾਹੁੰਦਾ ਏ, 'ਲੁਕਣਾ' । ਲੁਕਣ ਦੀ ਚਾਹ... ਸਮਝ ਨਹੀਂ ਆਉਂਦੀ । ਕੀ ਕਰੇ ਲੁਕ ਕੇ ?

ਸਾਈਆਂ ਜੀਓ । ਨਾ ਲਵੋ ਪ੍ਰੀਖਿਆ । ਕਟ ਦਿਉ ਅਗਿਆਨਤਾ ਦਾ ਅੰਧੇਰਾ, ਕਰ ਦਿਉ ਆਤਮ ਪ੍ਰਕਾਸ਼। ਲਾ ਦਿਉ ਨਾਮ ਦੀਆਂ ਛਹਿਬਰਾਂ ਬਖਸ਼ ਦਿਉ ਨੂਰੀ ਖੇੜਾ ਜੀਅ ਕਰਦਾ ਏ ਆਪਣੀ ਬਿਰਥਾ ਸੁਣਾਵਾਂ ਪਰ ਲੋੜ ਨਹੀਂ ਸਮਝਦਾ ਕਿਉਂਕਿ ਤੁਸੀਂ ਵਿਣ ਬੋਲਿਆਂ ਹੀ ਸਭ ਕੁਝ ਜਾਣਦੇ ਹੋ ਇਸ ਲਈ ਆਪਣੀ ਨਦਰ ਦਾ ਪਾਤਰ ਬਣਾ ਕੇ ਉਸ ਵਿਚ ਸਮਾਂ ਲਉ :—



www.AKJ.Org

ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ।
ਪਾਰਬ੍ਰਹਮ ਪਰਮੇਸਰ ਸਤਿਗੁਰ ਹਮ ਬਾਰਿਕ
ਤੁਮ ਪਿਤਾ ਕਿਰਪਾਲ ॥ ਰਹਾਉ ॥
ਮੋਹਿ ਨਿਰਗੁਣ ਗੁਣ ਨਾਹੀ ਕੋਈ
ਪਹੁਚਿ ਨਾ ਸਾਕਉ ਤੁਮਰੀ ਘਾਲ ॥
ਤੁਮਰੀ ਗਤਿ ਮਿਤਿ ਤੁਮਹੀ ਜਾਨਹੁ ।
ਜੀਉ ਪਿੰਡੁ ਸਭ ਤੁਮਰੋ ਮਾਲ ॥ ੧ ॥
ਅੰਤਰਜਾਮੀ ਪੁਰਖ ਸੁਆਮੀ
ਅਨ ਬੋਲਤ ਹੀ ਜਾਨਹੁ ਹਾਲ ॥
ਤਨੁ ਮਨੁ ਸੀਤਲ ਹੋਇ ਹਮਾਰੋ
ਨਾਨਕ ਪ੍ਰਭ ਜੀਉ ਨਦਰਿ ਨਿਹਾਲ ॥

'ਦੁਖੀਆ ਦਰਦਵੰਦ ਦਰਿ ਆਇਆ ।'

## ਸ੍ਰੀ ਆਨੰਦਪੁਰ ਸਾਹਿਬ ਸਮਾਗਮ ਬਾਰੇ ਬੇਨਤੀਆਂ

੧. ਤੰਬੂਆਂ ਅਤੇ ਦੀਵਾਨ ਅਸਥਾਨ ਵਿਚ ਵਿਛਾਉਣ ਲਈ ਪਰਾਲੀ ਦੀ ਲੋੜ ਹੈ । ਕੋਈ ਗੁਰਮੁਖ ਰੋਪੜ ਜ਼ਿਲੇ ਦਾ ਇਹ ਸੇਵਾ ਕਰੇ ।
੨. ਪਿੰਡਾਂ ਤੋਂ ਆਉਣ ਵਾਲੇ ਸਜਨ ਥੋੜਾ ਥੋੜਾ ਹਰਾ ਛੋਲੀਆ ਸਬਜ਼ੀ ਵਾਸਤੇ ਲੰਗਰ ਲਈ ਕੱਢ ਕੇ ਲੈ ਆਉਣ ਦੀ ਕਿਰਪਾ ਕਰਨੀ ।
੩. ਸ੍ਰੀ ਆਨੰਦਪੁਰ ਸਾਹਿਬ ਦੇ ਲਾਗੇ ਦੇ ਗੁਰਮੁਖ ਲੰਗਰ ਲਈ ਦੁੱਧ ਦੀ ਸੇਵਾ ਕਰਨ ।

ਸੰਗਤਾਂ ਦਾ ਦਾਸ
ਹਰਿਚਰਨ ਸਿੰਘ
੩੦੩੨, ਸੈਕਟਰ ੧੯ ਡੀ,
ਚੰਡੀਗੜ੍ਹ ।



www.AKJ.Org

# ਗੁਰਬਾਣੀ ਪਾਠ ਨਿਰਣਯ

ਵਲੋਂ :—ਗਿਆਨੀ ਹਰਬੰਸ ਸਿੰਘ ਜੀ ਚੰਡੀਗੜ੍ਹ,
(ਕਰਤਾ : 'ਜਪੁ ਨਿਰਣਯ') [ਕਿਸ਼ਤ ਅਠਵੀਂ]

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ [ਸ਼ੰਕਾਵਾਦੀ ਉਚਾਰਨ ਤੇ ਬਿਸਰਾਮ] | ਸੁਧ ਪਾਠ [ਸ਼ੁਧ ਉਚਾਰਨ ਤੇ ਬਿਸਰਾਮ] |
|---|---|---|---|---|
| [੪੯] | ੧੦ | ੧੪ | ਸਭ ਨਿਧਾਨ ਦਸ ਅਸਟ ਨਿਧਾਨ, ਠਾਕੁਰ ਕਰਤਲ ਧਰਿਆ, | ਸਭ ਨਿਧਾਨ ਦਰਅਸਟ ਨਿਧਾਨ, ਠਾਕੁਰ ਕਰ ਤਲ ਧਰਿਆ |
| [੫੦] | ੧੧ | ੧੧ | ਤੂੰ ਜੁਗੁ ਜੁਗ ਏਕੋ ਸਦਾ, ਤੂੰ ਏਕੋ ਜੀ ਤੂੰ ਨਿਹਚਲ ਕਰਤਾ ਸੋਈ, | ਤੂੰ ਜੁਗੁ ਜੁਗੁ ਏਕੋ, ਸਦਾ ਸਦਾ ਤੂੰ ਏਕੋ ਜ ਤੂੰ ਨਿਹਚਲੁ ਕਰਤਾ ਸੋਈ, |
| [੫੧] | ੧੧ | ੧੬ | ਜੀਅ ਜੰਤ ਸਭਿ ਤੇਰਾ ਖੇਲ, ਵਿਜੋਗਿ, ਮਿਲਿ ਵਿਛੁੜਿਆ, ਸੰਜੋਗੀ ਮੇਲੁ' | ਜੀਅ ਜੰਤ ਸਭਿ ਤੇਰਾ ਖੇਲ ਵਿਜੋਗਿ ਮਿਲਿ, ਵਿਛੁੜਿਆ ਸੰਜੋਗੀ ਮੇਲੁ' |

ਨਿਰਣੇ:—[੪੯] 'ਕਰਤਲ' ਜੁੜਤ ਪਦ ਨਹੀਂ। ਇਸ ਦਾ ਉਚਾਰਨ 'ਕਰ ਤਲ' ਵਖਰਾ ੨ ਕਰਨਾ ਚਾਹੀਦਾ ਹੈ ਜਿਵੇਂ ਕਿ ਹੇਠ ਲਿਖੀ ਪੰਕਤੀ ਵਿਚ 'ਕਰ ਤਲੀ' ਵਖਰੇ ਵਖਰੇ ਉਚਾਰਦੇ ਹਾਂ।

ਚਾਰਿ ਬਰਨ ਚਉਹਾ ਕੇ ਮਰਦਨ,
ਖਟੁ ਦਰਸਨ ਕਰ ਤਲੀ ਰੇ ॥ [ਪੰ: ੪੦੪]

ਅਰਥ—ਸਾਰੀਆਂ ਨਿਧੀਆਂ ਤੇ ਅਠਾਰਾਂ ਸਿਧੀਆਂ [ਦਾ ਖਜ਼ਾਨਾ] ਵਾਹਿਗੁਰੂ ਜੀ ਦੇ ਹੱਥ ਦੀ ਤਲੀ ਉਤੇ ਧਰਿਆ ਹੋਇਆ ਹੈ, [ਭਾਵ ਉਹ ਨਿਧੀਆਂ ਸਿਧੀਆਂ ਦੇਣ ਲਗਿਆਂ ਦੇਰ ਨਹੀਂ ਲਾਉਂਦਾ]।

[੫੦] ਇਸ ਪੰਕਤੀ ਦਾ ਬਿਸਰਾਮ ਜਿਵੇਂ ਸ਼ੁਧ ਪਾਠ ਵਾਲੇ ਪਾਸੇ ਦਿਤਾ ਗਿਆ ਹੈ, ਉਸ ਅਨੁਸਾਰ ਉਚਾਰਨ ਕਰਨਾ ਚਾਹੀਦਾ ਹੈ। ਅਰਥ:—ਤੂੰ ਜੁਗੋ ਜੁਗ ਇਕੋ ਹੈ, ਤੂੰ ਸਦਾ ਸਦਾ ਇਕੋ ਹੈਂ ਜੀ, ਸੋ ਤੂੰ ਹੀ ਅਚੱਲ ਕਰਤਾ ਹੈਂ ਜੀ।

[੫੧] ਇਸ ਪੰਕਤੀ ਦੇ ਪਹਿਲੇ ਹਿੱਸੇ ਦੇ ਅਰਥ ਸਪਸ਼ਟ ਹਨ। ਦੂਜੇ ਹਿਸੇ ਦੇ ਅਰਥਾਂ ਦੀਆਂ ਕਈ ਵੰਨਗੀਆਂ ਮਿਲਦੀਆਂ ਹਨ ਜਿਵੇਂ—

[੧] ਜਿਨ੍ਹਾਂ ਦੇ ਮੱਥੇ ਉਤੇ ਵਿਛੋੜੇ ਦਾ ਲੇਖ ਹੈ, ਉਹ ਮਨੁਖਾ ਜਨਮ ਪ੍ਰਾਪਤ ਕਰਕੇ ਭੀ ਤੈਥੋਂ ਵਿਛੜੇ ਹੋਏ ਹਨ। [ਪਰ ਤੇਰੀ ਰਜ਼ਾ ਅਨੁਸਾਰ] ਸੰਜੋਗਾਂ ਦੇ ਲੇਖ ਨਾਲ [ਫਿਰ ਤੇਰੇ ਨਾਲ] ਮਿਲਾਪ ਹੋ ਜਾਂਦਾ ਹੈ। [ਪ੍ਰੋ: ਸਾਹਿਬ ਸਿੰਘ ਜੀ]

[੨] ਵਿਛੋੜੇ ਦੇ ਨੇਮ ਅਨੁਸਾਰ ਮਿਲਿਆ ਹੋਇਆ ਵਿਛੜ ਜਾਂਦਾ ਹੈ। ਪਰ ਸੰਜੋਗ ਦੇ ਨੇਮ ਅਨੁਸਾਰ ਫਿਰ ਮੇਲ ਹੋ ਜਾਂਦਾ ਹੈ। 'ਸੰਜੋਗੀ ਮੇਲਾਵੜਾ ਇਕਿ ਤਨਿ ਕੀਤੇ ਭੋਗ'



www.AKJ.Org

ਵਿਜੋਗੀ ਮਿਲਿ ਵਿਛੜੇ, ਨਾਨਕ ਭੀ ਸੰਜੋਗ' [ਸ਼ਬਦਾਰਥ]

[੩] ਜੀਅ ਜੰਤ ਸਾਰੇ ਤੇਰਾ ਕੌਤਕ ਹਨ, (ਇਨ੍ਹਾਂ ਵਿਚੋਂ ਕੋਈ ਜੀਵ ਤਾਂ) ਵਿਜੋਗ ਕਰਕੇ ਮਿਲਨੋਂ (ਯਾ ਮਿਲਿਆ ਹੋਇਆ) ਵਿਛੜ ਗਿਆ ਤੇ (ਕੋਈ) ਸੰਜੋਗ ਕਰਕੇ (ਫੇਰ) ਮੇਲ ਪਾ ਲਵੇਗਾ [ਸੰਜੋਗੁ ਵਿਜੋਗੁ ਧੁਰਹੁ ਹੀ ਹੂਆ' [ਭਾਈ ਵੀਰ ਸਿੰਘ]

[੪] ਜੋ ਵਿਜੋਗੀ (ਕਰਮਾਂ ਨਾਲ) ਮਿਲਿਆ ਹੈ, ਉਹ ਤੇਰੇ ਨਾਲੋਂ ਵਿਛੜਿਆ ਹੈ, ਅਤੇ ਸੰਜੋਗੀ [ਕਰਮ ਕਰਨ ਵਾਲੇ ਦਾ ਤੇਰੇ ਨਾਲ] ਮੇਲ ਹੋਯਾ ਹੈ।' [ਪੰਡਤ ਨਰੈਣ ਸਿੰਘ ਜੀ] ਇਸ ਪੰਕਤੀ ਵਿਚ 'ਮਿਲਿ' ਪਦ ਦੇ ਪ੍ਰਯੋਗ ਨੇ ਅਰਥਕਾਰਾਂ ਨੂੰ ਇਕ ਗੁੰਝਲ ਵਿਚ ਪਾ ਦਿਤਾ ਹੈ ਜਿਸ ਕਰਕੇ ਭਿੰਨ ਭਿੰਨ ਅਰਥ ਕੀਤੇ ਹਨ।

ਇਥੇ 'ਮਿਲਿ' ਪਦ ਦੇ ਅਰਥ ਮਨੁਖਾ ਜਨਮ ਦਾ ਮਿਲਣਾ ਨਹੀਂ' ਜਿਵੇਂ ਕਿ ਪ੍ਰੋ:, ਸਾਹਿਬ ਸਿੰਘ ਜੀ ਨੇ ਕੀਤੇ ਹਨ। ਸ਼ਬਦਾਰਥੀ ਸਜਨਾਂ ਦਾ ਇਹ ਲਿਖਣਾ ਕਿ ਵਿਛੋੜੇ ਦੇ ਨੇਮ ਅਨੁਸਾਰ ਮਿਲਿਆ ਹੋਇਆ ਵਿਛੜ ਜਾਂਦਾ ਹੈ' ਇਹ ਵੀ ਠੀਕ ਨਹੀਂ ਜਾਪਦੇ ਕਿਉਂਕਿ ਵਿਛੋੜੇ ਦੇ ਨੇਮ ਵਿਚ ਮੇਲ ਹੁੰਦਾ ਹੀ ਨਹੀਂ। ਫਿਰ ਜਿਹੜਾ ਮਨੁਖ ਸਾਈ ਨਾਲ ਮਿਲ ਜਾਏ ਉਸ ਦੇ ਵਿਛੜਣ ਦਾ ਸੁਆਲ ਹੀ ਨਹੀਂ ਉਠਦਾ ਕਿਉਂਕਿ [ਮਿਲਿਆ ਹੋਏ ਨ ਵੀਛੜੇ ਜੋ ਮਿਲਿਆ ਹੋਈ।' ਇਸ ਪੰਕਤੀ ਵਿਚ ਜਗਤ ਖੇਡ ਦਾ ਵਰਨਣ ਹੈ। ਸੰਜੋਗ ਵਿਜੋਗ ਦੋਵੇਂ ਇਸ ਖੇਡ ਦੇ ਪਾਤਰ ਹਨ ਤੇ ਹੁਕਮੀ ਦੀ ਕਾਰ ਕਮਾ ਰਹੇ ਹਨ। ਖੇਡ ਇਹ ਹੈ ਕਿ 'ਆਪਹੁ ਕੋਇ ਮਿਲੈ ਨ ਭੂਲੈ' ਇਸ ਖੇਡ ਨੂੰ ਹਰੇਕ ਜੀਵ ਨਹੀਂ ਸਮਝ ਸਕਦਾ। ਕੇਵਲ ਉਹੀ ਸਮਝਦਾ ਹੈ ਜਿਸ ਨੂੰ ਉਹ ਆਪ ਸਮਝਾਉਂਦਾ ਹੈ. ਸੋ ਉਪ੍ਰੋਕਤ ਪੰਕਤੀ ਦੇ ਅਰਥ ਇਉਂ ਕਰਨੇ ਉਚਿਤ ਹਨ—ਹੇ ਵਾਹਿਗੁਰੂ ਜੀ ! ਜੀਅ ਜੰਤ [ਭਾਵ ਜਗਤ ਰਚਨਾ] ਤੇਰੀ ਖੇਡ ਹੈ। ਵਿਜੋਗ ਨਾਲ ਮਿਲ ਕੇ [ਭਾਵ ਵਿਛੜੇ ਹੋਏ ਮਨੁਖਾਂ ਦੀ ਸੰਗਤ ਕਰਕੇ] ਜੀਵ (ਤੈਥੋਂ) ਵਿਛੜਿਆ ਹੋਇਆ ਹੈ ਅਤੇ ਸੰਜੋਗਾਂ ਨਾਲ [ਭਾਵ ਗੁਰਮੁਖਾਂ ਦੀ ਸੰਗਤ ਕਰਕੇ ਤੇਰਾ ਮੇਲ ਹੁੰਦਾ ਹੈ। ਨਦੀਆ ਵਾਹ ਵਿਛੁੰਨਿਆਂ ਮੇਲਾ ਸੰਜੋਗੀ ਰਾਮ [੪੩੨] ਵਿਛੜਿਆ ਪਦ ਦਾ ਉਚਾਰਨ ਬੰਦੇ ਸਹਿਤ ਵਿਛੜਿਆ ਨਹੀਂ ਕਰਨਾ ਚਾਹੀਦਾ।

| [੫੨] ਪੰਨਾ ੧੨ | ਲਾਈਨ ੩ | ਪ੍ਰਚਲਤ ਪਾਠ | ਸੁਧ ਪਾਠ |
|---|---|---|---|
| | | ਪੰਕ ਜੁ ਮੋਹ, | ਪੰਕਜੁ ਮੋਹ |
| | | ਪਗ ਨਹੀਂ ਚਾਲੈ | ਪਗੁ ਨਹੀ ਚਾਲੈ॥ |
| | | ਹਮ ਦੇਖਾ ਤਹ | ਹਮ ਦੇਖਾ, ਤਹ |
| | | ਡੂਬੀਅਲੇ ॥ | ਡੂਬੀਅਲੇ ॥ |

ਨਿਰਣੇ—[੫੨] 'ਪੰਕ' ਅਤੇ 'ਪੰਕਜ' ਦੋ ਤਰ੍ਹਾਂ ਦੇ ਪਦ ਕਈ ਸ਼ਬਦਾਂ ਵਿਚ ਵਰਤੇ ਹੋਏ ਮਿਲਦੇ ਹਨ ਪਰ 'ਪੰਕਜ' ਦੇ ਜਜੇ ਨੂੰ ਔਂਕੜ ਕੇਵਲ ਇਸ ਪੰਕਤੀ ਅੰਦਰ ਹੀ ਲੱਗਾ ਹੋਇਆ ਮਿਲਦਾ ਹੈ, ਬਾਕੀ ਹਰ ਥਾਂ ਤੇ ਜਜਾ ਅੱਖਰ ਮੁਕਤਾ ਹੈ। ਪ੍ਰੋ: ਸਾਹਿਬ ਸਿੰਘ ਜੀ 'ਪੰਕ ਜੁ ਮੋਹ' ਪਾਠ ਪਦ ਛੇਦ ਕੀਤਾ ਹੈ । ਖਾਲਸਾ ਟ੍ਰੈਕਟ ਸੁਸਾਇਟੀ ਦੇ ਕੋਸ਼ ਅਤੇ ਪੰਡਿਤ ਤਾਰਾ ਸਿੰਘ ਦੇ ਰਚੇ ਹੋਏ ਕੋਸ਼ ਵਿਚ ਵੀ ਇਹ 'ਪਾਠ ਪੰਕ ਜੁ ਮੋਹ' ਹੀ ਦਿਤਾ



www.AKJ.Org

ਹੋਇਆ ਹੈ। ਸ਼ਬਦਾਰਥ ਵਿਚ ਪੰਕੁਜ ਮੋਹ ਪਾਠ ਪਦ ਛੇਦ ਕੀਤਾ ਹੈ। ਭਾਈ ਵੀਰ ਸਿੰਘ ਜੀ ਨੇ ਸੰਸਥਾ ਸ੍ਰੀ ਗੁਰੂ ਗਰੰਥ ਸਾਹਿਬ ਪੋਥੀ ਪਹਿਲੀ ਦੇ ਨਿਰੁਕਤ ਵਿਚ ਪੰਕਜ ਜੁੜਤ ਇਕ ਪਦ ਦਸਿਆ ਹੈ। ਆਪ ਜੀ ਨੇ ਇਹ ਲਿਖਿਆ ਹੈ ਕਿ ਏਥੇ ਇਹ ਪਦ ਸੰਸਕ੍ਰਿਤ ਦਾ 'ਪੰਕਜ' ਪਦ ਨਹੀਂ ਹੈ, ਪਰ ਪ੍ਰਾਕ੍ਰਿਤ ਦੇ 'ਪੰਕਿਯ' ਤੋਂ ਬਣਿਆ ਜੋ ਦੇਸ਼ ਭਾਸ਼ਾ ਵਿਚ ਪੰਕਜ ਬੋਲੀਦਾ ਹੈ।'

ਹੇਠ ਲਿਖੀਆਂ ਪੰਕਤੀਆਂ ਤੋਂ ਇਸ ਪਦ ਦਾ ਉਚਾਰਨ 'ਪੰਕਜ' ਇਕ ਜੁੜਵਾਂ ਪਦ ਸਿਧ ਹੁੰਦਾ ਹੈ:—

੧.—ਪੰਕਜ ਮੋਹ, ਸਰਿ ਹਾਂ 'ਪਗੁ ਨਹੀਂ ਚਲੈ, ਹਰਿ ਹਾਂ' [ਪੰ: ੪੦੮]

੨.—ਪੰਕਜ ਮੋਹ ਨਿਅਰਤੁ ਹੈ ਪ੍ਰਾਨੀ, ਗੁਰੁ ਨਿਅਰਤੁ ਕਾਢਿ ਕਢਾਵੈਗੋ [ਪੰ: ੧੩੧]

੩.—ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖਣ ਮੋਹ ਕੀ ਫਾਸ' [ਪੰ: ੨੦੪]

੪.—ਪਲ ਪੰਕਜ ਮਹਿ ਨਾਮੁ ਛਡਾਏ ਜੇ ਗੁਰ ਸ਼ਬਦ ਸਿਞਾਪੈ [ਪੰ: ੧੨੭]

੫.—ਪਲ ਪੰਕਜ ਮਹਿ ਕੋਇ ਉਧਾਰੇ [ਪੰ: ੧੨੬]

ਇਸ ਪੰਕਤੀ ਵਿਚ 'ਪੰਕਜੁ' ਦੇ ਜਜੇ ਨੂੰ ਇਸ ਔਂਕੜ ਲਾਇਆ ਹੋਇਆ ਹੈ ਕਿਉਂਕਿ ਇਥੇ ਸੰਸਾਰ ਰੂਪੀ ਸਰੋਵਰ ਦਾ ਪੂਰਾ ਚਿਤ੍ਰ ਖਿਚਿਆ ਹੈ ਅਤੇ ਖਾਸ ਖਾਸ ਚੀਜ਼ਾਂ ਦਾ ਵਰਨਣ ਕੀਤਾ ਹੈ। ਜਿਵੇਂ ਸਰੋਵਰ ਪਾਣੀ ਅਤੇ ਪਾਵਕੁ ਦਾ ਵਰਨਣ ਕੀਤਾ ਹੈ ਤਿਵੇਂ 'ਪੰਕਜੁ' ਇਕ ਬਚਨੀ ਨਾਂਵ ਰੂਪ ਵਿਚ ਵਰਤਿਆ ਗਿਆ ਜਾਪਦਾ ਹੈ।

'ਦੇਖਾ' ਪਦ ਦਾ ਉਚਾਰਨ ਬਿੰਦੇ ਸਹਿਤ 'ਦੇਖਾਂ' ਕਰਨਾ ਅਸ਼ੁਧ ਹੈ। ਇਹ ਪਦ ਇਥੇ ਇਹ ਨਿਰਪਣ ਕਰਦਾ ਹੈ ਕਿ ਮੋਹ ਰੂਪੀ ਚਿਕੜ ਵਿਚੋਂ ਬੁਧੀ ਰੂਪੀ ਪੈਰ ਨਹੀਂ ਨਿਕਲਦਾ, ਇਸ ਸਰੋਵਰ ਵਿਚ ਡੁਬਦੇ ਹੋਏ ਖੋਭ [ਜੀਵ ਰੂਪ ਜਹਿ ਆਂਸੂਆਂ] ਨੂੰ ਅਸਾਂ ਵੇਖਿਆ ਹੈ।

| | | | | |
|---|---|---|---|---|
| [੫੩] | | | ਹਰਿ ਬਿਸਰਤ ਤੇਰੇ ਗੁਣ ਗਲਿਆ॥ | ਹਰਿ ਬਿਸਰਤ ਤੇਰੇ ਗੁਣ ਗਲਿਆ। |
| [੫੪] | ੧੨ | ੪ | ਭਈ ਪਰਾਪਤਿ ਮਨੁਖ ਦੇ ਹੁਰੀਆ॥ | ਭਈ ਪਰਾਪਤਿ ਮਨੁਖ ਦੇਹੁਰੀਆ॥ |
| [੫੫] | ੧੨ | ੭ | ਸਰੰਜਾਮਿ,ਲਾਗੁ ਭਵਜਲ ਤਰਨ ਕੈ॥ | ਸਰੰਜਾਮਿ ਲਾਗੁ, ਭਵਜਲ ਤਰਨ ਕੈ॥ |
| | | | ਜਨਮੁ ਬ੍ਰਿਥਾ, ਜਾਤ ਰੰਗਮਾਇਆ ਕੈ, | ਜਨਮੁ ਬ੍ਰਿਥਾ ਜਾਤ, ਰੰਗਮਾਇਆ ਕੈ। |
| [੫੬] | ੧੨ | ੮ | ਸੇਵਾ ਸਾਧ ਨ ਜਾਨਿਆ ਹਰਿ ਰਾਇਆ, | ਸੇਵਾ ਸਾਧ ਨਾ ਜਾਨਿਆ ਹਰਿ ਰਾਇਆ। |

ਨਿਰਣੇ:—[੫੩] ਫਰੀਦਕੋਟ ਵਾਲੇ ਸਟੀਕ ਵਿਚ 'ਤੇਰੇ ਗੁਣ ਗਲਿਆ' ਪੰਕਤੀ ਦੇ ਹੇਠ ਲਿਖੇ ਅਰਥ ਕੀਤੇ ਹਨ:—

'ਤੇਰੇ ਗਲ ਮੇਂ ਰਸਾ ਪੜੇਗਾ

ਅਜਿਹੇ ਅਰਥ ਕੁਝ ਹੋਰ ਪੁਰਾਤਨੇ ਟੀਕਾਕਾਰਾਂ ਨੇ ਵੀ ਕੀਤੇ ਹਨ ਜੋ ਠੀਕ ਨਹੀਂ ਜਾਪਦੇ। ਇਥੇ ਗੁਰਦੇਵ ਜੀ ਮਨ ਪ੍ਰਤੀ ਸੰਬੋਧਨ ਕਰਦੇ ਹੋਏ ਇਹ ਚਿਤਾਵਨੀ ਕਰਵਾਉਂਦੇ ਹਨ ਕਿ ਹੇ ਮੂਰਖ ਮਨਾ! ਇਕ ਅਕਾਲ ਪੁਰਖ ਜੀ ਨੂੰ ਤੂੰ ਕਿਉਂ ਚੇਤੇ ਨਹੀਂ ਕਰਦਾ।



www.AKJ.Org

ਉਸ ਹਰੀ ਦੀ ਵਿਸਰਣ ਕਰਕੇ ਤੇਰੇ ਗੁਣ ਗਲਦੇ [ਨਾਸ ਹੋਂਦੇ] ਜਾ ਰਹੇ ਹਨ, । ਗਲਿਆ ਪਦ ਦਾ ਉਚਾਰਨ [ਬਿੰਦੇ ਸਹਿਤ] 'ਗਲਿਆਂ' ਕਰਨਾ ਚਾਹੀਦਾ ਹੈ ।

ਨਿਰਣੇ: —[੫੪] ਇਸ ਪੰਕਤੀ ਵਿਚ ਆਏ 'ਦੇਹੁਰੀਆ' ਸ਼ਬਦ ਦਾ ਉਚਾਰਨ ਬਹੁਤੇ ਪ੍ਰੇਮੀ ਤੇ ਪਾਠੀ ਸਜਣ ਦੇ ਹੁਰੀਆ' ਪਦ ਵਿਭਾਗ ਸਹੇਲੀ ਲਗ ਔਂਕੜ ਨੂੰ ਜ਼ੋਰ ਨਾਲ ਦੇ ਹੁਰੀਆ ਉਚਾਰਦੇ ਹਨ ਜੋ ਠੀਕ ਨਹੀਂ 'ਹੁਰੀਆ' ਸ਼ਬਦ ਦੇ ਅਰਥ ਹਨ 'ਲੱਤਾਂ ਮਾਰਨੀਆਂ' ਪਗਾ ਬਿਨੁ ਹੁਰੀਆ ਮਾਰਤਾ ਪਰ 'ਦੇਹੁਰੀਆ' ਸ਼ਬਦ ਦੇ ਅਰਥ ਹਨ 'ਦੇਹੀ' [ਸਰੀਰ]

[੫੫] ਸਰੰਜਾਮਿ' ਦੇ ਅਰਥ ਹਨ ਕੰਮ ਕਰਨ ਦੇ ਪ੍ਰਬੰਧ ਵਿਚ ' ਇਸ ਲਈ ਜਦੋਂ ਲਾਗੁ ਪਦ 'ਸਰੰਜਾਮਿ' ਨਾਲ ਮਿਲਾ ਕੇ ਪੜ੍ਹਾਂਗੇ ਤਾਂ ਅਰਥ ਠੀਕ ਨਿਕਲਣਗੇ ਕਿ ਸੰਸਾਰ ਭਉਜਲ ਤੋਂ ਤਰਣ ਦੇ ਪ੍ਰਬੰਧ ਵਿਚ ਲਗ ॥

[੫੬[ ਬਹੁਤੇ ਟੀਕੇਕਾਰਾਂ ਨੇ 'ਹਰਿ ਰਾਇਆ' ਦੇ ਅਰਥ ਸੰਬੋਧਨ ਰੂਪ ਵਿਚ ਕੀਤੇ ਹਨ । 'ਹੇ ਹਰੀ ਰਾਜਾ ਜੀ' ਜੇ ਦੀਰਘ ਦ੍ਰਿਸ਼ਟੀ ਨਾਲ ਇਸ ਸ਼ਬਦ ਦੀ ਵਿਚਾਰ ਕੀਤੀ ਜਾਵੇ ਤਾਂ ਇਨ੍ਹਾਂ ਪੰਕਤੀਆਂ ਵਿਚ ਮਨੁਖ ਨੂੰ ਤਾੜਨਾ ਕੀਤੀ ਹੈ ਜਿਵੇਂ ਉਪਰ ਸਮਝਾ ਰਹੇ ਹਨ । ਬੇਨਤੀ ਰੂਪ ਵਿਚ ਤਾਂ ਕੇਵਲ ਅੰਤਲੀ ਪੰਕਤੀ ਹੈ । ਇਸ ਲਈ ਇਨ੍ਹਾਂ ਪੰਕਤੀਆਂ ਦੇ ਅਰਥ ਇਉਂ ਹਨ' [ਹੇ ਮਨੁਖ ਤੂੰ ਦੁਰਲਭ ਦੇਹੀ ਪਾ ਕੇ ਨਾ ਕੋਈ ਜਪ, ਤਪ, ਸੰਜਮ, ਧਰਮ ਆਦਿ, ਕਮਾ ਇਆ ਹੈ ਅਤੇ ਨਾ ਹੀ ਸਾਧੂ ਜਨਾਂ ਦੀ ਸੇਵਾ ਤੇ ਵਾਹਿਗੁਰੂ ਨੂੰ ਪਛਾਣਿਆ ਹੈ ।] ਇਸ ਪੰਕਤੀ ਵਿਚ ਨ ਅਖਰ ਦੇਹੁਰੀ ਦੀਪਕ ਹੈ ਜੋ ਦੋ ਪਾਸੇ ਇਕੋ ਜਿਹਾ ਚਾਨਣ ਦੇਂਦਾ ਹੈ । ਸੋ ਜੀਵ ਨੂੰ ਸਾਰੀਆਂ ਉਕਾਈਆਂ ਦੀ ਚਿਤਾਵਨੀ ਕਰਾ ਕੇ ਗੁਰਦੇਵ ਜੀ ਅਰਦਾਸ ਕਰਨ ਦਾ ਵਲ ਦਸਦੇ ਹਨ ਕਿ ਹੇ ਮਨੁਖ ! ਆ ਮਿਲ ਕੇ ਵਾਹਿਗੁਰੂ ਜੀ ਅੱਗੇ ਅਰਦਾਸ ਕਰੀਏ ਕਿ ਵਾਹਿਗੁਰੂ ਜੀ ! 'ਅਸੀਂ ਨੀਚ-ਕਰਮੀਂ ਹਾਂ, ਤੁਸੀਂ ਸਰਣ ਪਇਆਂ ਦੀ ਲਜਿਆ ਰੱਖੋ ।'



www.AKJ.Org

# ਸਿਖਾਂ ਦਾ ਕਰਬਲਾ-ਚਮਕੌਰ ਸਾਹਿਬ

## (ਦੂਜੀ ਕਿਸਤ)

*ਗਿਆਨੀ ਜਸਮੇਰ ਸਿੰਘ ਪਾਲ*

ਸਤਿਗੁਰੂ ਵੀ ਭਾਂਪ ਗਏ। ਸਤਿਗੁਰੂ ਜੀ ਗੁਲਾਬੇ ਨੂੰ ਖਤਰੇ ਵਿਚ ਨਾ ਪਾਉਂਦੇ ਹੋਏ ਅਗਾਂਹ ਚਲੇ ਗਏ।

ਇਧਰ ਜਿਸ ਰਾਤ ਸਤਿਗੁਰਾਂ ਨੇ ਹਵੇਲੀ ਛਡੀ ਸੀ ਦਿਨ ਚੜ੍ਹਨ ਦੇ ਨਾਲ ਘਮਸਾਣ ਮਚ ਗਈ ਸੀ। ਬਾਕੀ ਰਹਿੰਦੇ ਹੋਏ ਸਿੰਘਾਂ ਨੇ ਅਕਾਲ ਅਕਾਲ ਦੇ ਜੈਕਾਰੇ ਗਜਾਏ ਤੇ ਵੈਰੀ ਦਲ ਦੇ ਗਲ ਪੈ ਗਏ ਅਹਿਮਦ ਸ਼ਾਹ ਬਟਾਲਵੀ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਸਿਰਲਥ ਸੂਰਮਿਆਂ ਨੇ ਗੜ੍ਹੀ ਦੇ ਬੂਹੇ ਖੋਲ ਦਿਤੇ ਤੇ ਵੈਰੀ ਉਤੇ ਟੁਟ ਕੇ ਪੈ ਗਏ। ਇਹੋ ਜਿਹੀ ਦਰਿੜਤਾ, ਅਟਲ ਵਿਸ਼ਵਾਸ਼ ਤੇ ਜਮਾਉ ਦੁਨੀਆਂ ਦੇ ਇਤਹਾਸ ਵਿਚ ਕਿਸੇ ਨੇ ਨਹੀਂ ਪੇਸ਼ ਕੀਤਾ। ਅੰਦਰ ਵੜ ਕੇ ਉਨ੍ਹਾਂ ਨੇ ਭਾਈ ਸੰਗਤ ਸਿੰਘ ਦਾ ਸੀਸ ਕਟ ਲਿਆ। ਉਹ ਕਲਗੀ ਲਗੀ ਵੇਖ ਕੇ ਬੜੇ ਖੁਸ਼ ਹੋਏ। ਇਕੋ ਵਾਰ ਸਾਰੇ ਪਾਸੇ ਖਬਰ ਧੂੰਮ ਗਈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸੀਸ ਕਟ ਲਿਆ ਗਿਆ ਹੈ। ਬਹੁਤ ਚਿਰ ਤਕ ਮੁਗਲਾਂ ਦੇ ਜਰਨੈਲ ਇਕ ਦੂਜੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸੀਸ ਕਟ ਲੈਣ ਦੀ ਖੁਸ਼ੀ ਵਿਚ ਵਧਾਈਆਂ ਦਿੰਦੇ ਰਹੇ। ਆਖਰ ਇਕ ਚੰਗੇ ਸਿਆਣੇ ਬੰਦੇ ਨੇ ਚੰਗੀ ਤਰਾਂ ਸੀਸ ਨੂੰ ਪਛਾਣ ਕੇ ਆਖਿਆ ਇਹ ਸਿਖਾਂ ਦਾ ਗੁਰੂ ਨਹੀਂ ਹੈ ਇਸ ਦੀ ਸ਼ਕਲ ਗੁਰੂ ਗੋਬਿੰਦ ਸਿੰਘ ਨਾਲ ਮਿਲਦੀ ਜ਼ਰੂਰ ਹੈ ਪਰ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈ। ਇਹ ਇਕ ਸਿੰਘ ਹੈ। ਬਸ ਫਿਰ ਕੀ ਸੀ ਮੁਗਲਾਂ ਨੂੰ ਧਰਤੀ ਗਰਕਣ ਨੂੰ ਵਿਹਲ ਨਹੀਂ ਸੀ ਦੇ ਰਹੀ। ਉਹ ਇਕ ਦੂਜੇ ਉਤੇ ਦੰਦ ਪੀਹ ਰਹੇ ਸਨ। ਮੁਗਲ ਸਰਕਾਰ ਤੇ ਪਹਾੜੀ ਰਾਜਿਆਂ ਨੂੰ ਬਹੁਤ ਵੱਡੀ ਚੋਟ ਵਜੀ। ਉਹ ਸ਼ਰਮਸ਼ਾਰ ਹੋ ਗਏ। ਦਿੱਲੀ ਤੇ ਸਰਹੰਦ ਦੇ ਸ਼ਾਹੀ ਲਸ਼ਕਰ ਬੇਅੰਤ ਮੁਲਖਈਆ ਤੇ ਪਹਾੜ ਦੇ ਬਾਈਧਾਰ ਰਾਜੇ ਅਪਣਾ ਪੂਰਾ ਜ਼ੋਰ ਲਾ ਕੇ ਵੀ ਗੁਰੂ ਗੋਬਿੰਦ ਸਿਘ ਜੀ ਨੂੰ ਫੜ ਨਾ ਸਕੇ। ਇਕ ਪਾਸੇ ਦਸ ਲਖ ਦੀ ਅਥਾਹ ਗਿਣਤੀ ਦੂਜੇ ਪਾਸੇ ਭੁੱਖੇ ਚਾਲੀ ਸਿੰਘ। ਫਿਰ ਗੁਰੂ ਅਡੋਲ ਅਛੋਪਲੇ ਨਿਕਲ ਜਾਵੇ। ਇਹ ਸੀ ਮਾਰੂ ਚੋਟ ਜੋ ਮੁਗਲਾਂ ਉਤੇ ਪਈ। ਇਹ



www.AKJ.Org

ਗੁਰੂ ਜੀ ਦੀ ਜਿਤ ਸੀ। ਮੁਗਲ ਸਾਹੀ ਦੀ ਹਾਰ ਸੀ। ਚਮਕੌਰ ਦੇ ਨੇੜੇ ਦੇ ਇਲਾਕੇ ਸਰਹੰਦ ਦੇ ਅਧੀਨ ਸਨ। ਸੂਬਾ ਸਰਹੰਦ ਨੇ ਸਤਗੁਰਾਂ ਦੇ ਫੜਨ ਦੇ ਹੁਕਮ ਜਾਰੀ ਕਰ ਦਿਤੇ। ਵਜ਼ੀਦ ਖਾਂ ਸੂਬਾ ਸਰਹੰਦ ਨੇ ਡੌਂਡੀ ਪਿਟਵਾ ਦਿਤੀ ਕਿ ਜੋ ਗੁਰੂ ਦਾ ਭੇਦ ਦਸੇਗਾ ਜਾਂ ਉਨ੍ਹਾਂ ਨੂੰ ਫੜਵਾਏਗਾ ਉਸ ਨੂੰ ਵਡੇ ਭਾਰੇ ਭਾਰੇ ਇਨਾਮ ਦਿਤੇ ਜਾਣਗੇ। ਜੋ ਮੁਗਲ ਹਕੂਮਤ ਦੇ ਬਾਗੀ ਗੁਰੂ ਨੂੰ ਪਨਾਹ ਦੇਵੇਗਾ, ਰੋਟੀ ਪਾਣੀ ਤਕ ਖੁਆਵੇਗਾ ਉਹ ਵੀ ਹਕੂਮਤ ਦਾ ਬਾਗੀ ਕਰਾਰ ਦਿਤਾ ਜਾਵੇਗਾ ਤੇ ਉਸ ਨੂੰ ਸਖਤ ਤੋਂ ਸਖਤ ਸਜ਼ਾ ਉਸ ਸਮੇਂ ਮੌਤ ਦੀ ਸੀ। ਪਿੰਡ ਪਿੰਡ ਵਿਚ ਡੌਂਡੀ ਪਿਟੀ ਗਈ ਕਿ ਕੋਈ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣੇ ਪਾਸ ਥਾਂ ਨਾ ਦੇਵੇ। ਸਾਧਾਂ ਮਹੰਤਾਂ ਦੇ ਮੱਠਾਂ ਦੀ ਤਲਾਸ਼ੀ ਹੋ ਰਹੀ ਸੀ। ਉਦਾਸੀ ਸਾਧੂਆਂ ਤੇ ਜੋਗੀਆਂ ਦੇ ਡੇਰਿਆਂ ਵਿਚ ਸਤਿਗੁਰੂ ਦੀ ਭਾਲ ਹੋ ਰਹੀ ਸੀ।

## ਸਿਖੀ ਦੀ ਪਰਖ ਤੇ ਅਡੋਲ ਗੁਰੂ

ਮੁਗਲ ਹਕੂਮਤ ਦੇ ਬਾਗੀ ਗੁਰੂ ਸਾਹਿਬ ਦਾ ਗੜ੍ਹੀ 'ਚੋਂ ਸਾਫ ਨਿਕਲ ਜਾਣਾ ਕਰਾਮਾਤ ਤੋਂ ਘਟ ਨਹੀਂ ਸੀ। ਇਹ ਸਿਖੀ ਦੀਪਰਖ ਦਾ ਸਮਾਂ ਸੀ। ਉਚੇ ਮਰਾਤਬੇ ਵਡੀਆਂ ਔਖੀਆਂ ਪਰਖਾਂ ਵਿਚੋਂ ਨਿਕਲਦੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਫੜਨਾ ਮੁਗਲਾਂ ਲਈ ਹੀ ਔਖਾ ਸੀ ਜਿਨਾਂ ਕਿ ਧਰੂ ਤਾਰੇ ਨੂੰ ਅਕਾਸ਼ ਮੰਡਲ ਵਿਚੋਂ ਖਿਚ ਕੇ ਧਰਤੀ ਤੇ ਲਿਆਉਣਾ। ਚੱਪੇ ਚੱਪੇ ਤੇ ਦੁਸ਼ਮਨ ਗੁਰੂ ਸਾਹਿਬ ਫਿਰ ਵੀ ਅਡੋਲ ਸਨ। ਸਭ ਕੁਝ ਲੁਟਾ ਲਿਆ ਸੀ। ਘਰ ਘਾਟ ਲੁਟਾ ਲਏ ਸਨ, ਜਿਗਰ ਦੇ ਟੋਟੇ ਸ਼ਹੀਦ ਕਰਵਾ ਦਿਤੇ ਸਨ, ਸਭ ਕੁਝ ਰੋੜ ਕੇ ਮਾਛੀਵਾੜੇ ਦੇ ਜੰਗਲ ਵਿਚ'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਦੇ ਰਾਗ ਅਲਾਪ ਰਹੇ ਸਨ। ਕੋਲ ਫੌਜ ਨਹੀਂ, ਮਾਤਾ ਪਿਤਾ ਨਹੀਂ, ਅਨੰਦਪੁਰ ਦੇ ਸ਼ਾਹੀ ਤਖਤ ਤੇ ਤਾਜ ਨਹੀਂ ਫਿਰ ਵੀ ਚੜਦੀ ਕਲਾ ਵਿਚ ਹੈ। ਦਿਲ ਨਹੀਂ ਹਾਰਿਆ। ਇਹ ਚੜਦੀ ਕਲਾ ਦਾ ਸਿਖਰ ਹਾਰਿਆ। ਇਹ ਚੜਦੀ ਕਲਾ ਦਾ ਸਿਖਰ ਹੈ ਇਨਾਂ ਪ੍ਰਪਕ ਅਟਲ ਵਿਸ਼ਵਾਸ ਹੈ ਅਕਾਲ ਪੁਰਖ ਉਤੇ। ਉਸ ਦੀ ਰਜ਼ਾ ਵਿਚ ਰਾਜ਼ੀ ਹਨ। ਮੁਗਲਾਂ ਦੀਆਂ ਸ਼ਾਹੀ ਐਸ਼ਾਂ, ਨਵਾਬੀਆਂ ਨੂੰ ਠੁਕਰਾ ਦਿਤਾ। ਸੁਰਾਹੀਆਂ ਸੂਲਾਂ ਜਾਪੀਆਂ। ਪਿਆਲੇ ਖੰਜਰਾਂ ਦਾ ਰੂਪ ਦਿਸੇ। ਰਜਾਈਆਂ ਦੇ ਨਿਘ ਤੇ ਅਰਾਮ ਰੋਗ ਭਾਸਣ



www.AKJ.Org

ਲਗੇ। ਖੇੜੇ ਭੱਠਾਂ ਵਿਚ ਪੈ ਗਏ। ਯਾਰੜੇ ਦੇ ਸੱਥਰ ਨੂੰ ਤਰਜੀਹ ਦਿਤੀ। ਪੰਥ ਪਿਆਰ ਤੇ ਆਪਣਾ ਆਦਰਸ਼ ਪਿਆਰਾ ਲਗਾ। ਜਿਤ ਕੇ ਦੁਨੀਆਂ ਹਸਦੀ ਹੈ, ਕੁਝ ਪਾ ਕੇ ਦੁਨੀਆਂ ਹਸਦੀ ਹੈ, ਸਭ ਕੁਝ ਗੁਆਕੇ ਮੁਸਕਰਾ ਸਕਣਾ ਅਡੋਲ ਗੁਰੂ, ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੀ ਕੰਮ ਸੀ। ਮੁਗਲ ਫੌਜਾਂ ਖਿਝੀਆਂ ਹੋਈਆਂ ਸਨ। ਗੁਰੂ ਸਾਹਿਬ ਸਾਫ ਨਿਕਲ ਗਏ ਸਨ। ਹਣ ਕੋਈ ਚਾਰਾ ਨਹੀਂ ਸੀ ਚਲ ਸਕਦਾ। ਮੁਗਲ ਫੌਜਾਂ ਦਿਲੀ ਤੇ ਸਰਹੰਦ ਵਲ ਨੂੰ ਤੇ ਪਹਾੜੀਏ ਰਾਜੇ ਆਪਣੀਆਂ ਰਿਆਸਤਾਂ ਨੂੰ ਚਾਲੇ ਪਾ ਗਏ ਸ਼ੀ।

## ਜੂਝ ਕੇ ਸ਼ਹੀਦ ਹੋਣ ਤੋਂ ਬਿਨਾਂ ਕੋਈ ਚਾਰਾ ਬਾਕੀ ਨਹੀਂ ਸੀ

ਚੂੰਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ।
ਨਾ ਕੇਵਲ ਅਸਤ ਬੁਰਦਨ ਬਸ਼ਮਸ਼ੀਰ ਦਸਤ।
(ਜ਼ਫਰਨਾਮਾ)

ਨਾ ਕੇਵਲ ਪੰਜਾਬ ਜਾਂ ਭਾਰਤ ਦੇ ਇਤਹਾਸ ਵਿਚ ਸਗੋਂ ਸੰਸਾਰ ਦੇ ਸਮੁੱਚੇ ਇਤਹਾਸ ਵਿਚ ਚਮਕੌਰ ਸਾਹਿਬ ਦੀ ਲੜਾਈ ਦੀ ਵਿਸੇਸ਼ ਮਹਾਨਤਾ ਹੈ। ਸਿੰਘ ਵੀ ਉਹੋ ਸਨ, ਜਿਹੜੇ ਗੁਰੂ ਸਾਹਿਬ ਉਤੋਂ ਦੀ ਜਾਨਾਂ ਘੋਲ ਘੁਮਾਉਂਦੇ ਸਨ। ਗੁਰੂ ਸਾਹਿਬ ਵੀ ਅਜੇਹੇ ਜਿਹਨਾਂ ਨੇ ਪੰਥ ਲਈ ਸਭ ਕੁਝ ਰੋੜ ਦਿਤਾ। ਜਿਹੜੇ ਗੁਰੂ ਸਾਹਿਬ ਗੜੀ ਚੋਂ ਆਪ ਬਚ ਕੇ ਨਿਕਲ ਸਕਦੇ ਸੀ ਉਹ ਆਪਣੇ ਸਾਹਿਬਜ਼ਾਦਿਆਂ ਨੂੰ ਵੀ ਕਢ ਕੇ ਲੈ ਜਾ ਸਕਦੇ ਸੀ। ਪਰ ਉਨ੍ਹਾਂ ਨੇ ਅਜੇਹਾ ਨਹੀਂ ਕੀਤਾ। ਅਗੰਮੜੇ ਗੁਰੂ ਸਾਹਿਬ ਨੂੰ ਪਤਾ ਸੀ ਕਿ ਲੋਕੀਂ ਆਪਾ ਵਾਂਰਨ ਉਦੋਂ ਸਿਖਦੇ ਹਨ ਜਦੋਂ ਉਨ੍ਹਾਂ ਨੂੰ ਆਪਾ ਵਾਰ ਕੇ ਵਿਖਾਇਆ ਜਾਵੇ। ਸੋ ਮਨੁਖਤਾ ਦੇ ਆਗੂ ਨੇ ਇਵੇਂ ਹੀ ਕੀਤਾ। ਸਿਖੀ ਦੀ ਪੜ੍ਹਾਈ ਅਪਣੇ ਘਰੋਂ ਸ਼ੁਰੂ ਕੀਤੀ। ਚਮਕੌਰ ਸਾਹਿਬ ਦੀ ਜੰਗ ਸਿੰਘਾਂ ਲਈ ਮੌਤ ਅਤੇ ਜ਼ਿੰਦਗੀ ਦਾ ਸੁਆਲ ਸੀ। ਵੈਰੀ ਨਾਲ ਜੂਝ ਕੇ ਸ਼ਹਾਦਤ ਦੇਣ ਤੋ ਬਿਨਾਂ ਹੋਰ ਕੋਈ ਰਸਤਾ ਨਹੀਂ ਸੀ ਰਹਿ ਗਿਆ। ਜਦੋਂ ਸਾਰੇ ਹੀਲੇ ਖਤਮ ਹੋ ਜਾਣ, ਕੋਈ ਸਾਧਨ ਕੰਮ ਕਰਦਾ ਨਾ ਦਿਸੇ ਉਦੋਂ ਸ਼ਸਤਰਾਂ ਦੀ ਵਰਤੋਂ ਹਰ ਪਰਕਾਰ ਜਾਇਜ਼ ਹੈ।

ਸਵੈ ਰਖਿਆ ਤੇ ਦੇਸ਼ ਭਗਤੀ ਦੇ ਜਜ਼ਬੇ ਅਧੀਨ ਗੁਰੂ ਕਲਗੀਧਰ ਸਾਹਿਬ ਜੀ ਨੇ ਇਹ ਜੰਗ ਲੜੀ। ਗੁਰੂ ਸਾਹਿਬ ਜੀ ਦਾ ਕਿਸੇ ਫਿਰਕੇ ਜਾਂ ਮਜ਼ਬ ਨਾਲ ਵੈਰ ਨਹੀਂ ਸੀ। ਉਹਨਾਂ ਦਾ ਵੈਰ ਕੇਵਲ


www.AKJ.Org

ਜ਼ੁਲਮ ਅਤੇ ਅਤਿਆਚਾਰ ਨਾਲ ਸੀ ਭਾਵੇਂ ਕਿਸੇ ਕਿਸਮ ਦੇ ਹੋਣ। ਉਨ੍ਹਾਂ ਦਾ ਮੰਤਵ ਮਜ਼ਲੂਮ ਦੀ ਰਖਿਆ ਲਈ ਜਾਬਰ ਨਾਲ ਲੋਹਾ ਲੈਣਾ ਸੀ। ਜ਼ੁਲਮ ਤੇ ਤਸ਼ਦੱਦ ਨੂੰ ਉਨ੍ਹਾਂ ਦਾ ਖੁਲਾ ਚੈਲਿੰਜ ਸੀ।

ਗੁਰੂ ਸਾਹਿਬ ਜੀ ਕਰਮ ਯੋਗੀ ਸਨ। ਉਹ ਕੇਵਲ ਇਕ ਪਾਸੜ ਜਿਹੇ ਬਦਲਾ ਲੈਣ ਵਾਲੇ ਕਿਸੇ ਦੇ ਖੂਨ ਦੇ ਪਿਆਸੇ ਜਹਾਬੀ ਨਹੀਂ ਸਨ। ਉਨ੍ਹਾਂ ਦਾ ਕਿਸੇ ਨਾਲ ਵੀ ਸਦੀਵੀ ਤੇ ਸਥਾਈ ਵੈਰ ਨਹੀਂ ਸੀ। ਆਪ ਜੀ ਨੇ ਪ੍ਰਭੂ ਦੇ ਹੁਕਮ ਦੀ ਪਾਲਣਾ ਕੀਤੀ। ਸਾਨੂੰ ਉਨ੍ਹਾਂ ਦੇ ਕਿਸੇ ਕੰਮ ਵਿਚ ਉਨ੍ਹਾਂ ਦੀ ਨਿਜੀ ਕਾਮਨਾ ਜਾ ਸੁਆਰਥ ਕੰਮ ਕਰਦਾ ਨਹੀਂ ਦਿਸਦਾ। ਆਪ ਜੀ ਨੇ ਦੁਨੀਆਂ ਦੇ ਦੁਖਾਂ ਨੂੰ ਦੁਖ ਨਾ ਸਮਝਦਿਆਂ ਹੋਇਆ ਰਣ ਭੂਮੀ ਵਿਚ ਭਾਰਤੀਆਂ ਨੂੰ ਨਿਤਰਨਾ ਸਿਖਾਇਆ। ਜੰਗ ਵਿਚ ਵੀ ਨਿਰਵੈਰ ਰਹਿਣ ਦਾ ਉਦੇਸ਼ ਸਾਹਮਣੇ ਰਖਿਆ। ਇਕ ਪਾਸੇ ਦੁਸ਼ਟਾਂ ਨੂੰ ਸੰਘਾਰਨਾ ਹੈ ਦੂਜੇ ਪਾਸੇ ਧਰਮ ਦੀ ਧੁਜਾ ਨੂੰ ਕਾਇਮ ਰਖਦੇ ਹੋਏ "ਸਾਧ ਸਮੂਹ ਪ੍ਰਸਨ ਫਿਰੈ" ਦੇ ਆਦਰਸ਼ ਨੂੰ ਅਮਲੀ ਰੂਪ ਦੇਣਾ ਹੈ। ਆਪਣੀ ਸ਼ਕਤੀ ਦੀ ਨਜ਼ਾਇਜ਼ ਵਰਤੋਂ ਵੀ ਨਹੀਂ ਕਰਨੀ। ਮੁਖ ਤੇ ਹਰਿ, ਚਿਤ ਵਿਚ ਯੁੱਧ ਵਿਚਾਰਨਾ ਹੈ, ਦੀਨ ਕੇ ਹੇਤ ਲੜਨਾ ਹੈ, ਮਜ਼ਲੂਮਾਂ ਲਈ ਆਪਾ ਵਾਰਨਾ ਹੈ। ਗੁਰੂ ਸਾਹਿਬ ਜੀ ਦਾ ਖਾਲਸਾ ਸੰਤ ਪ ਹਿਲੋਂ ਹੈ ਸਿਪਾਹੀ ਬਾਦ ਵਿਚ। ਖਾਲਸੇ ਦਾ ਜੋਸ਼ ਅੰਨੇਵਾਹ ਕੰਮ ਨਹੀਂ ਕਰਦਾ। ਖਾਲਸਾ ਕੋਈ ਖੂਨ ਪੀਣੀ ਦਰਿੰਦਾ ਜਾਂ ਵਹਿਸ਼ੀ ਨਹੀਂ ਹੈ। ਖਾਲਸੇ ਦੀ ਫਤਿਹ ਅਕਾਲ ਪੁਰਖ ਦੀ ਫਤਿਹ ਹੈ। ਹਾਰ ਜਿੱਤ ਅਕਾਲ ਪੁਰਖ ਦੇ ਨਾਂ ਨਾਲ ਜੋੜੀ ਗਈ ਹੈ। ਖਾਲਸੇ ਦਾ ਆਦਰਸ਼ ਕਮਜ਼ੋਰ ਲਿਤਾੜੇ ਜਾਂਦਿਆਂ ਨੂੰ ਬਚਾਉਣਾ ਹੈ, ਉਨ੍ਹਾਂ ਨੂੰ ਖਾਣਾ ਨਹੀਂ। ਹਉਮੈਂ ਤੋਂ ਨਿਰਲੇਪ ਰਹਿੰਦਾ ਹੈ। ਜਿੱਤਾਂ ਪਰਾਪਤ ਕਰਕੇ ਹੰਕਾਰ ਵਿਚ ਆਉਣ ਵਾਲਿਆਂ ਦੀਆਂ ਜਿੱਤਾਂ ਚਿਰ ਸਥਾਈ ਨਹੀਂ ਰਹਿ ਸਕਦੀਆਂ। ਖਾਲਸੇ ਦੀ ਫਤਹਿ ਅਮਰ ਫਤਹਿ ਹੈ। ਖਾਲਸੇ ਦੀ ਤਲਵਾਰ ਢਾਲ ਦਾ ਕੰਮ ਵਧੇਰੇ ਦਿੰਦੀ ਹੈ। ਕੇਵਲ ਸਸ਼ਤਰਾਂ ਦੀ ਵਰਤੋਂ ਸਿੱਖ ਲੈਣਾ ਕੋਈ ਮਹਾਨ ਕੰਮ ਨਹੀਂ ਜਦੋਂ ਸ਼ਸਤਰਾਂ ਦੀ ਯੋਗ ਵਰਤੋਂ ਦਾ ਪਤਾ ਨਾ ਹੋਵੇ। ਦਸ਼ਮੇਸ਼ ਪਿਤਾ ਨੇ ਖਾਲਸੇ ਨੂੰ ਸ਼ਸਤਰਾਂ ਦੀ ਯੋਗ ਵਰਤੋਂ ਸਿਖਾਲੀ। ਤਲਵਾਰ ਚਲਾਉਣ ਤੋਂ ਪਹਿਲਾਂ ਹੋਰ ਸਾਰੇ ਹੀਲੇ ਖਤਮ ਹੋ ਜਾਣ, ਕੋਈ ਸਾਧਨ ਕੰਮ ਕਰਦਾ ਨਾ ਦਿਸੇ ਉਦੋਂ ਸ਼ਸਤਰਾਂ ਦੀ ਵਰਤੋਂ ਹਰ ਪਰਕਾਰ ਜਾਇਜ਼ ਹੈ। ਫਿਰ ਪਿਛਾਂਹ ਨਹੀਂ ਪਰਤਣਾ। ਤਲਵਾਰ ਬੱਚੇ, ਬੁੱਢੇ, ਅਬਲਾ



www.AKJ.Org

ਤੇ ਨਹੀਂ ਖਿੱਚੀ ਜਾ ਸਕਦੀ। ਖਾਲਸੇ ਦੀ ਤਲਵਾਰ ਨਾਲ ਕਿਸੇ ਦਾ ਮਾਲ ਲੁੱਟ ਲੈਣਾ, ਇਸ ਦੀ ਯੋਗ ਵਰਤੋਂ ਨਹੀਂ ਅਖਵਾ ਸਕਦੀ। ਇਹ ਤਾਂ ਆਤਮਕ ਰਸ ਵਿਚ ਰੰਗੇ ਸੂਰਬੀਰ ਦੇ ਹੱਥ ਵਿਚ ਸੋਭਦੀ ਹੈ ਜੋ ਮੁਖੋਂ ਹਰੀ ਦਾ ਸਿਮਰਨ ਕਰੇ ਤੇ ਚਿੱਤ ਵਿਚ ਜੁੱਧ ਦੀ ਇੱਛਾ ਧਾਰੇ।

## ਖਾਲਸਈ ਕਲਪ ਬਿਰਛ ਦਾ ਫਲ ਭਗਤੀ ਤੇ ਸ਼ਕਤੀ

ਖਾਲਸਾ ਰਛਿਆ ਹਰ ਵੇਲੇ ਅਕਾਲ ਪੁਰਖ ਤੋਂ ਮੰਗੇ। ਉਸਨੂੰ ਅੰਗ ਸੰਗ ਸਮਝੇ। ਖਾਲਸੇ ਦੀ ਤਲਵਾਰ ਮੁਲਕਗੀਰੀ ਦੀਆਂ ਜਿੱਤਾਂ ਰਕਬੇ ਵਧਾਉਣ ਵਾਲੀ ਨਹੀਂ। ਗੁਰੂ ਜੀ ਉਤੇ ਬਾਹਰੋਂ ਹਮਲੇ ਹੁੰਦੇ ਰਹੇ। ਉਨ੍ਹਾਂ ਨੇ ਕਿਸੇ ਦੀ ਚੱਪਾ ਥਾਂ ਨਹੀਂ ਖੋਹੀ। ਜੇ ਕਰ ਘਰ ਬੈਠੇ ਬੰਦੇ ਦੇ ਕੋਈ ਬਾਹਰੋਂ ਆ ਕੇ ਗਲ ਪੈ ਜਾਵੇ ਤਦ ਉਸ ਨੂੰ ਗਲੋਂ ਲਾਹੁਣਾ ਤਾਂ ਇਖਲਾਕੀ ਫਰਜ਼ ਹੋ ਜਾਂਦਾ ਹੈ। ਸਤਿਗੁਰ ਜੀ ਨੇ ਅੰਮ੍ਰਿਤ ਦੁਆਰਾ ਲੋਕ ਸੋਝੀ ਪੈਦਾ ਕੀਤੀ। ਸਮਾਜ ਦੇ ਪਛੜੇ ਹੋਏ ਵਰਗ ਨੂੰ ਅੰਮ੍ਰਿਤ ਦੀ ਪਾਹੁਲ ਦੇ ਕੇ ਸੁਰਜੀਤ ਕੀਤਾ। ਸਦੀਆਂ ਤੋਂ ਦੱਬੇ ਹੋਏ ਲੋਕ ਹੁਣ ਮਲੇਸ਼ਾਂ ਨਾਲ ਟੱਕਰ ਲੈਣ ਦੇ ਯੋਗ ਹੋ ਗਏ ਸਨ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਚਾਂਦਨੀ ਚੌਂਕ ਪਿਆ ਸੀ ਉਦੋਂ ਕੋਈ ਸੀਸ ਨੂੰ ਚੁਕਣ ਦਾ ਹੌਸਲਾ ਨਹੀਂ ਸੀ ਕਰਦਾ। ਕਿੰਨੀ ਅਧੋਗਤੀ ਵਾਲੀ ਦਸ਼ਾ ਸੀ ਉਸ ਸਮੇਂ ਇਥੋਂ ਦੇ ਦੇਸ਼ ਵਾਸੀਆਂ ਦੀ। ਪਰੰਤੂ ਇਥੋਂ ਦੇ ਲੋਕਾਂ ਨੇ ਉਹ ਵੀ ਸਮਾਂ ਵੇਖਿਆ ਜਦੋਂ ਚਮਕੌਰ ਦੀ ਗੜ੍ਹੀ ਅੰਦਰ ਇਕ ਸੀਸ ਭਾਈ ਸੰਗਤ ਸਿੰਘ ਦਾ ਪਿਆ ਸੀ। ਕੋਈ ਮੁਗਲ ਜਰਨੈਲ ਅੰਦਰ ਵੜਨ ਦੀ ਜੁਰੱਅਤ ਨਹੀਂ ਸੀ ਕਰ ਰਿਹਾ। ਸੀਸ ਤੋਂ ਭੈ ਖਾ ਰਹੇ ਹਨ। ਖੰਡੇ ਦੇ ਅੰਮ੍ਰਿਤ ਨੇ ਕਿੰਨੀ ਚੜ੍ਹਦੀਆਂ ਕਲਾਂ ਵਾਲੀ ਅਡੋਲ ਅਵਸਥਾ ਪੈਦਾ ਕਰ ਦਿਤੀ ਸੀ। ਇਹ ਖਾਲਸਈ ਕਲਪ ਬਿਰਛ ਦਾ ਆਖਰੀ ਫਲ ਸੀ। ਖਾਲਸੇ ਦੇ ਫੌਲਾਦੀ ਅੰਤਮ ਪ੍ਰਤੀਕਰਮ ਸਨ। ਡਾਕਟਰ ਗੋਕਲ ਚੰਦ ਨਾਰੰਗ ਲਿਖਦੇ ਹਨ ਜਿਹੜੀ ਤਲਵਾਰ ਨੇ ਖਾਲਸੇ ਦੀ ਸ਼ਾਨ ਚਮਕਾਈ ਉਸ ਦਾ ਲੋਹਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤਿਆਰ ਕਰਕੇ ਦੇ ਗਏ ਸਨ। ਇਹ ਬਿਲਕੁਲ ਠੀਕ ਹੈ। ਉਹ ਰਾਜ ਭਾਗ, ਸ਼ਾਹੀ ਠਾਠ, ਸੁਲਤਾਨੀ ਤੇ ਸੂਰਬੀਰਤਾ ਤੁਛ ਹੈ ਜੇ ਕਰ ਉਸ ਵਿਚ ਨਾਮ ਦਾ ਰਸ ਨਹੀਂ। ਨਾਮ ਮਹਾਂਰਸ ਨੂੰ ਸਤਿਗੁਰਾਂ ਨੇ ਹੁਕਮ ਹਾਸਲ ਤੇ ਰਾਜਗੀਰੀ ਦੇ ਟਾਕਰੇ ਵਿਚ ਹੇਚ ਸਿਧ ਕੀਤਾ। ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ। ਆਤਮਕ ਬਲ ਨਾਲ ਸਰੀਰਕ ਬਲ ਲਾਜ਼ਮੀ ਹੈ। ਨਿਰਾ


www.AKJ.Org

ਸਰੀਰਕ ਬਲ ਪਸ਼ੂਪੁਣਾ ਹੈ । ਨਿਰਾ ਆਤਮਕ ਬਲ ਸਰੀਰਕ ਬਲ ਬਗੈਰ ਆਪਣਾ ਬਚਾਅ ਨਹੀਂ ਕਰ ਸਕਦਾ । ਆਤਮਾ ਨੂੰ ਸ਼ਕਤੀ ਦੀ ਓਟ ਦੀ ਲੋੜ ਹੈ । ਸ਼ਕਤੀ ਵੀ ਉਸ ਪ੍ਰਭੂ ਤੋਂ ਮੰਗਣੀ ਹੈ । ਸੋ ਖਾਲਸੇ ਦੀ ਹੋਂਦ ਵਿਅਕਤੀਗਤ (ਇੰਡਵੀਜਉਲੀ) ਵੀ ਹੈ ਦੇ ਸਮੂਹਕ (ਕੁਲੈਕਟਵਿਲੀ) ਵੀ । ਪਹਿਲੋਂ ਇਸ ਦੀ ਨਿੱਜੀ ਰਹਿਣੀ, ਆਚਰਣ ਰਹਿਤਾਂ, ਭਗਤੀ ਤੇ ਕੀਰਤਨ ਦੀ ਪਰਫੁਲਤਾ ਅਵਸ਼ਕ ਹੈ । ਰਹਿਤਾਂ, ਦਾ ਗਿਆਨ ਤੇ ਕੀਰਤਨ, ਸਿਮਰਨ ਇਸਨੂੰ ਸ਼ਸਤਰਾਂ ਦੀ ਯੋਗ ਵਰਤੋਂ ਸਿਖਾਲਦੇ ਹਨ । ਪਕੇਰੀ ਸੂਝ ਹੋਣ ਮਗਰੋਂ ਇਹ ਧਰਮ ਜੁਧ ਵਿਚ ਕੁਦ ਸਕਦਾ ਹੈ, ਪਹਿਲਾਂ ਨਹੀਂ । ਹਿੰਸਾ ਤੇ ਅਹਿੰਸਾ ਦੀ ਸਮਝ ਇਸਨੂੰ ਸਿਮਰਨ ਦੀ ਪ੍ਰਾਪਤੀ ਤੋਂ ਪੈ ਸਕਦੀ ਹੈ । ਇਹ ਬਿਲਕੁਲ ਠੀਕ ਹੈ। ਸ਼ਬਦ ਦੀ ਟੇਕ ਇਸ ਨੂੰ ਮਾਨਸ ਤੋਂ ਦੇਵਤਾ ਬਣਾਉਂਦੀ ਹੈ । ਨਿਜੀ ਆਚਰਨ ਬਣਦਾ ਹੈ । ਸ਼ਖਸੀ ਰਹਿਣੀ ਤੋਂ ਪੰਥਕ ਰਹਿਣੀ ਬਣਦੀ ਹੈ । ਪੰਥ ਦੀ ਰੂਪ ਰੇਖਾ ਮਨੁਖਤਾ ਨੂੰ ਰਾਹ ਦਸਣ ਲਈ ਉਲੀਕੀ ਗਈ ਹੈ । ਖਾਲਸਾ ਸ਼ਸਤਰਧਾਰੀਆਂ ਦੀ ਜਮਾਤ ਹੈ । ਇਹ ਅਕਾਲ ਪੁਰਖ ਕੀ ਫੌਜ ਹੈ । ਖਾਲਸੇ ਦਾ ਭਾਵ ਜੋ ਰਬ ਦਾ ਹੋ ਗਿਆ ਜਿਸਨੇ ਆਪਣੀ ਇਛਾ ਨੂੰ ਵਾਹਿਗੁਰੂ ਜੀ ਦੇ ਹਵਾਲੇ ਕਰ ਦਿਤਾ ਹੈ । ਖਾਲਸਾ ਆਪ ਰਾਜਾ ਹੋ ਕੇ ਗਰੀਬਾਂ ਨੂੰ ਪਾਲਦਾ ਹੈ । ਖਾਲਸਾ ਦੇਗ ਤੇਗ ਦਾ ਪੁਜਾਰੀ ਹੈ ।

ਦਸਮੇਸ਼ ਪਿਤਾ ਨੇ ਆਪਣੇ ਸਮੇਂ ਦੀਆਂ ਪ੍ਰਚਲਤ ਕੀਮਤਾਂ ਦਾ ਵਿਰੋਧ ਕੀਤਾ । ਉਨ੍ਹਾਂ ਉਸ ਮੁਲਾਂਵਾਦ ਦੇ ਵਿਰੁਧ ਸੰਘਰਸ਼ ਮਚਾਇਆ ਜਿਹੜਾ ਦੂਜਿਆਂ ਨੂੰ ਕਾਫਰ ਆਖ ਕੇ ਘਿਰਣਾ ਕਰਦਾ ਸੀ । ਦੂਜੇ ਪਾਸੇ ਉਨ੍ਹਾਂ ਉਸ ਬਰਾਹਮਣਵਾਦ ਦੇ ਵਿਰੁਧ ਜਹਾਦ ਕੀਤਾ ਜਿਹੜਾ ਬਰਾਹਮਣਵਾਦ ਰਬ ਦੇ ਬੰਦਿਆਂ ਨੂੰ ਸੂਦਰ, ਅਛੂਤ ਤੇ ਨੀਚ ਆਖ ਕੇ ਤ੍ਰਿਸਕਾਰਦਾ ਸੀ । ਜੋ ਸਮਾਜ ਦਾ ਘੁਣ ਸਾਬਤ ਹੋ ਰਿਹਾ ਸੀ ਜਾਤਪਾਤ ਦੇ ਵਿਤਕਰੇ ਪਾ ਕੇ ਦੇਸ਼ ਨੂੰ ਤਬਾਹੀ ਵਲ ਲੈ ਜਾ ਰਿਹਾ ਸੀ। ਤੀਜੇ ਪਾਸੇ ਗੁਰੂ ਜੀ ਨੇ ਮੁਗਲ ਸਾਮਰਾਜ ਵਿਰੁਧ ਬਗਾਵਤ ਕੀਤੀ। ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਾਮਰਾਜ ਵਿਰੋਧੀ ਸਨ । ਉਨ੍ਹਾਂ ਮੁਗਲ ਸਾਮਰਾਜ ਦੇ ਮਹਿਲਾਂ ਦੇ ਦੀਵੇ ਗੁਲ ਕਰਨ ਲਈ ਆਪਣੇ ਸਾਰੇ ਵੰਸ ਦੀ ਅਹੂਤੀ ਦੇ ਦਿਤੀ । ਖਤਰੇ ਤੇ ਤਬਾਹੀ ਦੀ ਹਾਲਤ ਵਿਚ ਦਿਰੜ੍ਹਤਾ ਦਾ ਪੱਲਾ ਨਾ ਛਡਿਆ । ਕੋਈ ਦਮ ਨਹੀਂ ਮਾਰ ਸਕਦਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਓਪਰੇ ਪੁਤ ਮਰਵਾ ਦਿਤੇ ਆਪਣੇ ਪੁਤਰ ਬਚਾ ਲਏ । ਹਜ਼ਰਤ ਇਬਰਾ



www.AKJ.Org

ਕਨਿੰਘਮ ਲਿਖਦਾ ਹੈ ਕਿ "ਖਾਲਸਾ ਬਰਾਦਰੀ ਦਾ ਅਸਲੀ ਭਾਈਵਾਲ ਉਹੋ ਸਮਝਿਆ ਜਾਂਦਾ ਸੀ ਜੋ ਧਰਮ ਦੇ ਜੁਧ ਵਿਚ ਅਗਲੀ ਸਫ ਵਿਚ ਹੋ ਕੇ ਲੜੇ। ਗਰੀਬ ਦੀ ਰਖਿਆ ਲਈ ਤਤਪਰ ਰਹੇ।"

ਮੈਕਾਲਫ ਜੀ ਲਿਖਦੇ ਹਨ "ਗੁਰੂ ਗੋਬਿੰਦ ਸਿੰਘ ਜੀ ਦਾ ਸ਼ਾਸਤਰ ਧਾਰੀ ਖਾਲਸਾ ਸ਼ਸਤਰਾਂ ਦੇ ਖੜਾਕ ਤੋਂ ਕਦੇ ਵੀ ਨਹੀਂ ਡਰਦਾ। ਇਹ ਇਕ ਇਕ ਲੱਖਾਂ ਤੇ ਭਾਰੂ ਹੈ।"

ਖਾਲਸੇ ਦੀ ਕਿਰਪਾਨ ਅਜ਼ਾਦੀ ਦਾ ਚਿੰਨ ਹੈ। ਸ੍ਰੀ ਸਾਹਿਬ ਖਾਲਸੇ ਦਾ ਜਨੇਊ ਹੈ। ਭਾਈ ਸੁਖਾ ਸਿੰਘ ਜੀ ਗੁਰ ਬਿਲਾਸ ਵਿਚ ਲਿਖਦੇ ਹਨ :—

ਤਬ ਇਮ ਭਨਿਓ ਗਰੀਬ ਨਿਵਾਜ਼।

ਹੀਮ ਦੇ ਪੁਤਰ ਦੀ ਬਲੀ ਦੇਣ ਲਗੇ ਉਸ ਆਖਿਆ ਮੇਰੀਆਂ ਅੱਖਾਂ ਉਤੇ ਪੱਟੀ ਬੰਨ੍ਹ ਦਿਉ। ਮੈਂ ਆਪਣੇ ਪੁਤਰ ਨੂੰ ਅੱਖਾਂ ਦੇ ਸਾਹਮਣੇ ਸ਼ਹੀਦ ਹੁੰਦਾ ਵੇਖ ਨਹੀਂ ਸਕਦਾ। ਰਾਜਾ ਦਸਰਥ ਅਜੁਧਿਆ ਪਤੀ ਆਪਣੇ ਪੁਤਰਾਂ ਰਾਮ ਲਛਮਣ ਦੇ ਵਿਛੋੜੇ ਵਿਚ ਸ਼ਾਹੀ ਮਹਿਲਾਂ ਤੋਂ ਛਾਲ ਮਾਰ ਕੇ ਪਰਾਣ ਛਡ ਗਿਆ ਸੀ। ਅਰਜਨ ਨੇ ਅਭਮੰਨੂ ਦੀ ਲੋਥ ਉਤੇ ਖਲੋ ਕੇ ਆਪਣੇ ਪੁਤਰ ਦੀ ਮੌਤ ਦਾ ਬਦਲਾ ਲੈਣ ਦੀ ਪਰਤੀਗਿਆ ਲਈ ਸੀ। ਬੇਕਸਾਂ ਦੇ ਯਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਹਥੀਂ ਆਪਣੇ ਹੱਥੀਂ ਆਪਣੇ ਪੁਤਰਾਂ ਨੂੰ ਜੰਗ ਵਿਚ ਟੋਰਿਆ ਸੀ। ਪੁਤਰਾਂ ਦੇ ਸ਼ਹੀਦ ਹੋਣ ਤੇ ਅਕਾਲ ਪੁਰਖ ਦਾ ਸ਼ੁਕਰ ਕੀਤਾ। ਸਰਹੰਦ ਦੀਆਂ ਕੰਧਾਂ ਤੇ ਚਮਕੌਰ ਦੀ ਧਰਤੀ ਅਜ ਵੀ ਗਵਾਹੀਆਂ ਭਰਦੀ ਹੈ।

ਸ਼ਸਤਰ ਕੇ ਅਧੀਨ ਹੈ ਰਾਜ।

ਖਾਲਸੇ ਦੀ ਰਾਜਨੀਤੀ ਧਰਮ ਦੇ ਅਧੀਨ ਹੈ। ਧਰਮ ਦੀ ਪਰ-ਫੁਲਤਾ ਕਿਸੇ ਰਾਜ ਵਿਚ ਹੀ ਹੋ ਸਕਦੀ ਹੈ। "ਸਾਧ ਸਮੂਹ ਪ੍ਰਸੰਨ ਫਿਰਨ ਲਈ" ਈਸ਼ਵਰੀ ਰਾਜ (ਖਾਲਸਾ ਰਾਜ) ਦੀ ਸਥਾਪਤੀ ਦੀ ਲੋੜ ਹੈ ਜਿਥੇ ਸਭੇ '**ਸਾਂਝੀਵਾਲ** ਸਦਾਈਅਨ ਕੋਇ ਨਾ ਦੀਸੈ ਬਾਹਰਾ ਜੀਉ' ਜੋ ਵਿਸ਼ਵ ਸੰਸਾਰ ਨੂੰ ਪਹਿਲੇ ਤੋਂ ਚੰਗਾ ਬਣਾਣ ਦਾ ਉਪਰਾਲਾ ਹੈ। ਇਸ ਮੰਤਵ ਨੂੰ ਸਿਰੇ ਚਾੜ੍ਹਨ ਲਈ ਲਗਾਤਾਰ ਘੋਲ ਤੇ ਜਦੋ ਜਹਿਦ ਦੀ ਲੋੜ ਹੈ। ਖਾਲਸੇ ਦੀ ਰਹਿਤ ਵੇਲਾ ਟਪਾਊ ਨਹੀਂ, ਕਰਮਕਾਂਡ, ਰਸਮਾਂ ਰੀਤਾਂ ਦਾ ਭਰਮ ਜਾਲ ਗੋਰਖ ਧੰਦਾ ਨਹੀਂ। ਖਾਲਸਾ ਜੀ ਦੀ ਰਹਿਤ ਲਗਾਤਾਰ ਭਖਦਾ ਉਤਸ਼ਾਹ ਹੈ। ਇਹ ਕਿਸੇ ਵਿਸ਼ੇਸ਼ ਸਮੇਂ ਦੀਆਂ ਲੋੜਾਂ ਦੀ ਪੂਰਤੀ ਲਈ ਨਹੀਂ ਬਣਾਈ ਗਈ


www.AKJ.Org

ਸਗੋਂ ਇਹ ਤਾਂ ਸਦੀਵੀ ਸਚ ਦੀਆਂ ਕੀਮਤਾਂ ਦੀ ਜ਼ਾਮਨ ਹੈ। ਬਾਹਰਲਾ ਨਿਯਮ ਬੱਧ ਜਬਤ ਹੈ। ਆਦਰਸ਼ਕ ਟੀਚੇ ਤੇ ਪੁਜਣ ਲਈ ਬਾਹਰਮੁਖੀ ਅਨੁਸਾਸ਼ਨ ਦੀ ਲੋੜ ਹੈ। ਸਿੰਘ ਰਹਿਤ ਭੂਤ, ਭਵਿਖਤ ਵਰਤਮਾਨ ਤਿੰਨਾਂ ਕਾਲਾਂ ਲਈ ਬਣਾਈ ਗਈ ਹੈ। ਦਿਲ ਤੇ ਦਿਮਾਗ ਦੋਵਾਂ ਦੀ ਤਸੱਲੀ ਕਰਦੀ ਹੈ।

ਚੰਡੀ ਦੀ ਵਾਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਜੀ ਨੇ ਦੁਰਗਾ ਨੂੰ ਸ਼ੇਰ ਦੀ ਸੁਆਰੀ ਕਰਦੀ ਹੋਈ ਦਸਿਆ ਹੈ। ਸ਼ੇਰ ਚਿੰਨ ਹੈ ਬਦੀ ਦਾ ਅਤੇ ਦੁਰਗਾ ਨੇਕੀ,ਸਚਾਈ ਤੇ ਧਰਮ ਦੀ ਪ੍ਰਤੀਕ ਹੈ। ਬਦੀ ਉਤੇ ਨੇਕੀ ਸੁਆਰੀ ਕਰਦੀ ਹੈ। ਬਦੀ ਜਾਂ ਜੁਲਮ ਕਿਨਾਂ ਵੀ ਵਡਾ ਹੋਵੇ ਸੱਚ ਧਰਮ ਅਤੇ ਨਿਆਂ ਦੇ ਟਾਕਰੇ ਵਿਚ ਤੁਛ ਹੈ। ਅੰਤ ਵਿਚ ਜਿਤ ਸੱਚ ਧਰਮ ਦੀ ਹੁੰਦੀ ਹੈ। ਨੇਕੀ ਬਦੀ ਉਤੇ ਸੁਆਰ ਹੂੰਦੀ ਹੈ। ਸੱਚ ਧਰਮ ਦੀਆਂ ਤਾਕਤਾਂ ਅਗੇ ਜਬਰ ਜੁਲਮ ਤੇ ਝੂਠ, ਕੁਫਰ ਤੇ ਦਮ ਤੋੜ ਦਿੰਦਾ ਹੈ। ਝੂਠ ਤੇ ਪਾਪ ਦੁਆਰਾ ਪ੍ਰਾਪਤ ਕੀਤੀਆਂ ਜਿੱਤਾਂ ਸਥਰ ਨਹੀਂ ਰਹਿ ਸਕਦੀਆਂ ਸੱਚ ਧਰਮ ਦੇ ਟਾਕਰੇ ਵਿਚ ਜ਼ੋਰ ਜੁਲਮ ਤੇ ਜਬਰ ਦੀਆਂ ਤਾਕਤਾਂ ਭਾਵੇਂ ਕਿੰਨੀਆਂ ਵੀ ਹੋਣ ਸੱਚ ਧਰਮ ਅਤੇ ਨਿਆਂ ਨੂੰ ਹਿਲਾ ਨਹੀਂ ਸਕਦੀਆਂ ਸਿੰਘਾਂ ਦੇ ਟਾਕਰੇ ਵਿਚ ਕਸਮ ਤੋੜ ਤੁਰਕਾਂ ਦੇ ਦਲਾਂ ਦੀ ਗਿਣਤੀ ਕਾਫੀ ਤੋਂ ਵੀ ਵਧੇਰੇ ਸੀ ਪਰੰਤੂ ਸੰਤ ਸਿਪਾਹੀਆਂ ਨੇ ਧਰਮ ਧੁਜ਼ਾ ਨੂੰ ਲਹਿਰਾਉਣ ਲਈ ਘੋਰ ਸੰਘਰਸ਼ ਕੀਤੇ, ਆਤਮ ਬਲੀਦਾਨ ਦਿਤੇ। ਆਖਰ ਦੈਂਤ ਤੇ ਪਾਸਵੀਂ ਮੂੰਹ ਜੋਰ ਤਾਕਤਾਂ ਨੂੰ ਪਛਾੜ ਦਿਤਾ ਆਤਮਕ ਰਸ ਤੋਂ ਕੋਰੇ ਮੁਗਲ ਬਾਹੂ ਬਲ ਦੀ ਸ਼ਕਤੀ ਸਿੰਘਾਂ ਸਾਹਵੇਂ ਜ਼ਲੀਲ ਹੋ ਗਈ ਪੰਥ ਦੇ ਵਾਲੀ ਨੇ ਜਬਰ ਦੇ ਘੋੜੇ ਦੇ ਮੂੰਹ ਵਿਚ ਕੰਡਿਆਲਾ ਪਾ ਕੇ ਇਸ ਦੀਆਂ ਖੁਰਾਂ ਹੇਠ ਅੱਗ ਦੇ ਲੂੰਬੇ ਰਖ ਦਿਤੇ।

ਰੱਬ ਦੀ ਆਪਣੀ ਸ਼ਕਤੀ ਵਿਨਾਸ਼ਕਾਰੀ ਅਤੇ ਪਰਲੋਕਾਰੀ ਹੈ। ਸੰਸਾਰ ਦੀ ਉਤਪਤੀ ਕਰਨ ਤੋਂ ਪਹਿਲਾਂ ਉਸ ਨੇ ਖੰਡਾ ਸਾਜਿਆਂ। ਮਾਰਨ ਵਾਲੀ ਤਾਕਤ ਪਹਿਲੋਂ ਪੈਦਾ ਕੀਤੀ।

ਪ੍ਰਿਥਮੈ ਖੰਡਾ ਸਾਜ ਕੈ
ਸਭ ਸੈਂਸਾਰ ਉਪਾਇਆ।
(ਚੰਡੀ ਦੀ ਵਾਰ)

ਪਰਮਾਤਮਾ ਆਪ ਦੁਸ਼ਟ ਦਮਨ ਤੇ ਦੈਂਤ ਸੰਘਾਰਨ ਹੈ। ਖਾਲਸਾ ਅਕਾਲ ਪੁਰਖ ਦੀ ਓਟ ਲੈਂਦਾ ਹੈ। ਖਾਲਸੇ ਨੇ ਸੰਘਰਸ਼ ਤੇ ਆਤਮ ਸਮਰਪਨ ਤੋਂ ਝਿਜਕਣਾ ਨਹੀਂ। ਭਾਵੇਂ ਬਦੀ ਤੇ ਦਾਨਵੀ ਤਾਕਤਾਂ



www.AKJ.Org

ਕਿਡੀਆਂ ਪ੍ਰਬਲ ਕਿਓਂ ਨਾ ਹੋਣ ? ਚਮਕੌਰ ਸਾਹਿਬ ਦੇ ਰਣ ਖੇਤਰ ਅੰਦਰ ਗੁਰੂ ਰੂਪ ਖਾਲਸੇ ਨੇ ਬਦੀ, ਪਾਪ ਤੇ ਜਬਰ ਦੀਆਂ ਤਾਕਤਾਂ ਨੂੰ ਅਜੇਹਾ ਜ਼ੋਰ ਦਾ ਧੱਕਾ ਮਾਰਿਆ ਜਿਸ ਦੀ ਮਿਸਾਲ ਸੰਸਾਰ ਦਾ ਹੋਰ ਕੋਈ ਇਤਿਹਾਸ ਪੇਸ਼ ਨਹੀਂ ਕਰ ਸਕਦਾ। ਸਿੰਘਾਂ ਦੀ ਗਿਣਤੀ ਆਟੇ ਵਿਚ ਲੂਣ ਸੀ। ਮੁਗਲਾਂ ਤੇ ਪਹਾੜੀ ਰਾਜਿਆਂ ਦੇ ਦਲ ਟਿੱਡੀਦਲ ਵਾਂਗ ਚੜ ਕੇ ਆਏ ਪਰੰਤੂ ਖਾਲਸੇ ਰੂਪੀ ਕਲਪ ਬਿਰਛ ਦੀਆਂ ਜੜਾਂ ਪਤਾਲ ਤੀਕ ਚਲੀਆਂ ਗਈਆਂ ਸਨ। ਹੁਣ ਇਸ ਦੀਆਂ ਜੜਾਂ ਨੂੰ ਕਟਣਾ ਉਨ੍ਹਾਂ ਦੇ ਵਸ ਦਾ ਰੋਗ ਨਹੀਂ ਸੀ ਰਹਿ ਗਿਆ। ਸਿੰਘਾਂ ਲਈ ਵੀ ਮੌਤ ਤੇ ਜ਼ਿੰਦਗੀ ਦਾ ਸੁਆਲ ਸੀ। ਮੌਤ ਵਿਚੋਂ ਜ਼ਿੰਦਗੀ ਨਿਕਲਦੀ ਹੈ। ਖਾਲਸੇ ਨੇ ਮਰਨ ਜੀਵਣ ਦੀ ਜਾਚ ਸਿਖ ਲਈ ਸੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਂਪ ਲਿਆ ਸੀ ਕਿ ਕੌਮਾਂ ਨੇਜ਼ੇ ਦੀ ਧਾਰ ਵਿਚੋਂ ਪੈਦਾ ਹੁੰਦੀਆਂ ਹਨ। ਗੁਲਾਮੀ ਦੇ ਬੰਧਨ ਕਟਣ ਲਈ ਪਹਿਲੋਂ ਕੌਮ ਦੇ ਆਗੂ ਨੂੰ ਘੋਰ ਸੰਘਰਸ਼ ਪੈਦਾ ਕਰਨੇ ਪੈਂਦੇ ਹਨ, ਆਤਮ ਬਲੀਦਾਨ ਦੇ ਕੇ ਕੌਮ ਨੂੰ ਜਗਾਇਆ ਜਾ ਸਕਦਾ ਹੈ। ਨਿੱਤ ਦੇ ਜੁੱਧ, ਆਤਮ ਬਲੀਦਾਨ ਘੋਰ ਸੰਘਰਸ਼. ਖੁਲਮ ਖੁਲਾ ਲੜਾਈ ਜਾਲਮ ਸਾਮਰਾਜ ਦੀਆਂ ਇਮਾਰਤਾਂ ਨੂੰ ਭੁਚਾਲ ਵਾਂਗ ਝਟਕਾ ਮਾਰ ਕੇ ਡੇਗ ਸਕਦੀ ਹੈ। ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਸੋ ਸਰਬੱਗ ਪੁਰਖ ਨੇ ਉਹ ਸਖਸ਼ੀਅਤਾਂ ਪੈਦਾ ਕੀਤੀਆਂ ਜੋ ਖੁਲੇ ਮੈਦਾਨ ਵੈਰੀਆਂ ਤੇ ਟਾਕਰੇ ਵਿਚ ਨਿਕਲ ਕੇ ਉਨ੍ਹਾਂ ਦੀਆਂ ਭਾਜੜਾਂ ਪੁਆ ਸਕਦੀਆਂ ਸਨ। ਚਮਕੌਰ ਦੀ ਧਰਤੀ ਦੇ ਸ਼ਹੀਦ ਘੋਰ ਸੰਘਰਸ਼, ਆਤਮ ਸਮਰਪਨ ਦੀ ਜਿਊਂਦੀ ਜਾਗਦੀ ਤਸਵੀਰ ਹਨ ਜਿਨਾਂ ਗੁਲਾਮੀ ਦੀ ਜ਼ਿੰਦਗੀ ਨਾਲੋਂ ਅਜ਼ਾਦੀ ਦੇ ਉਪਰਾਲੇ ਵਿਚ ਜੂਝ ਕੇ ਸ਼ਹੀਦ ਹੋਣ ਨੂੰ ਤਰਜੀਹ ਦਿਤੀ। ਇਹ ਸਾਹਸ ਹਰ ਕਿਸੇ ਵਿਚ ਨਹੀਂ ਹੋ ਸਕਦਾ।

ਸ਼ਹੀਦਾਂ ਦੇ ਜੋੜ ਮੇਲ ਮਨਾਉਣੇ ਇਹ ਕੌਮ ਦਾ ਕੰਮ ਹੈ। ਸ਼ਹੀਦਾਂ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ। ਸ਼ਹੀਦਾਂ ਨੂੰ ਸਰੋਕਾਰ ਇਸ ਗਲ ਨਾਲ ਹੈ ਕਿ ਉਨ੍ਹਾਂ ਦੇ ਪਾਏ ਹੋਏ ਆਦਰਸ਼ ਲੋਕਾਂ ਨੇ ਕਿੰਨੇ ਕੁ ਅਪਣਾਏ ਹਨ ?

ਦਸਮੇਸ਼ ਮਾਰਗ ਦਰਸ਼ਨ ਖੰਡੇਧਾਰ ਹੈ। ਜਿਉਂਦਾ ਜਾਗਦਾ ਜਜ਼ਬਾ ਹਰ ਕਿਸੇ ਵਿਚ ਨਹੀਂ ਹੋ ਸਕਦਾ। ਇਹ ਰੱਬੀ ਜਾਂ ਦੈਵੀ ਚਮਤਕਾਰ ਹੈ। ਰਹਸਮਈ ਓਜ ਹੈ। ਜਾਗਤ ਜੋਤ ਦਾ ਪਰਜ਼ਵਲਤ ਪ੍ਰਕਾਸ਼ ਹੈ। ਗੁਰੂ ਬਚਨਾਂ ਤੇ ਅਟਲ ਵਿਸ਼ਵਾਸ, ਸਿਦਕ ਦੀ ਟੇਕ ਤੋਂ


www.AKJ.Org

ਅਡੋਲਤਾ ਪਰਾਪਤ ਹੁੰਦੀ ਹੈ। ਅਜੇਹੀ ਦਿਰੜ ਅਡੋਲਤਾ ਜੋ ਵਗਦੀਆਂ ਤਲਵਾਰਾਂ, ਸੂਕਦੇ ਤੀਰਾਂ ਤੋਪਾਂ ਦੇ ਧਮਾਕਿਆਂ ਵਿਚ ਇਸਨੂੰ ਡੋਲਨ ਨਹੀਂ ਦਿੰਦੀ। ਖਾਲਸਾ ਖਤਰਿਆਂ ਕੋਲ ਨੂੰ ਆਪ ਟੁਰ ਪੈਂਦਾ ਹੈ। ਸੀਸ ਭੇਟ ਕੀਤਿਆਂ ਕਰਾਂਤੀ ਉਪਜਦੀ ਹੈ। ਸਿਖੀ ਮਾਰਗ ਦਾ ਵਿਸ਼ੇਸ਼ ਲਛਣ ਸ਼ਾਂਤੀ ਵਿਚੋਂ ਕਰਾਂਤੀ ਦਾ ਫੁਟਣਾ ਹੈ। ਇਹ ਅਪਾਰ ਗੁਰੂ ਦੀ ਅਪਾਰ ਬਖਸ਼ਿਸ਼ ਹੈ।

ਅਕਾਲ ਪੁਰਖ ਦੇ ਕੌਰ ਦੀਨ ਕੇ ਹੇਤ ਲੜਦੇ ਹੋਏ ਜੰਗ ਭੂਮੀ ਵਿਚ ਚਮਕੇ ਆਪ ਅਮਰ ਪਦਵੀ ਪਾ ਗਏ ਚਮਕੌਰ ਦੀ ਧਰਤੀ ਨੂੰ ਵੀ ਅਮਰ ਕਰਕੇ ਭਾਰਤ ਦੀ ਸ਼ਾਨ ਰਹਿੰਦੀ ਦੁਨੀਆਂ ਤੀਕਰ ਚਮਕਾ ਗਏ ਵਾਲਟ ਵਿਟਮੈਨ ਦਾ ਦਾਅਵਾ ਹੈ ਕਿ ਮੈਂ ਉਨ੍ਹਾਂ ਸਾਰਿਆ ਸ਼ਹੀਦ ਆਤਮ ਵਾਂ ਨੂੰ ਵੇਖ ਰਿਹਾ ਹਾਂ ਜੋ ਧਰਮ ਦੇ ਰਸਤੇ ਵਿਚ ਸਹੀਦ ਹੋ ਚੁਕੀਆਂ ਹਨ। ਬੇਸ਼ਕ ਬੀਜ ਬਹੁਤ ਥੋੜੇ ਹਨ ਪਰ ਇਨਾਂ ਮਰਜੀਵੜੇ ਸ਼ਹੀਦਾਂ ਦੀ ਫਸਲ ਮੁਕਣ ਵਾਲੀ ਨਹੀਂ। ਸੋ ਗੁਰੂ ਪਿਆਰਿਓ ਚਮਕੌਰ ਸਾਹਿਬ ਦੀ ਲਹੂ ਭਿਜੀ ਧਰਤੀ ਦੀ ਪਵਿਤਰ ਧੂੜ ਮਥੇ ਲਾਓ, ਗੁਰੂ—ਪੁਤਰਾਂ ਤੋਂ ਪ੍ਰੇਨਾ ਲੈ ਕੇ ਆਪਣੀਆਂ ਸੁਤੀਆਂ ਸ਼ਕਤੀਆਂ ਨੂੰ ਜਗਾਓ :—

ਗੁਰਸਿਖੀ ਸੋ ਥਾਨੁ ਭਾਲਿਆ
ਲੈ ਧੂਰਿ ਮੁਖ ਲਾਵਾਂ।


www.AKJ.Org